# ਵਰਿਆਮ

ਅਕਤੂਬਰ ੧੯੮੦ ੧/੫੦



Sri Satguru Jagjit Singh Ji Elibrary NamdhariElibrary@gmail.com

# ਏਥੇ ਮੌਤ ਓਥੇ ਮੌਤ

ਮਸ਼ਹੂਰ ਅੰਗਰੇਜ਼ੀ ਸ਼ਾਇਰ ਸ਼ੈਲੇ ਨੇ ਕਿਹਾ ਹੈ :

"ਮੌਤ ਏਥੇ ਹੈ, ਮੌਤ ਓਥੇ, ਮੌਤ ਹਰ ਥਾਂ ਰੁਝੀ ਹੋਈ ਹੈ। ਸਾਰੇ ਪਾਸੇ ਅੰਦਰ, ਹੇਠਾਂ, ਉਤੇ; ਅਤੇ ਅਸੀਂ ਖੁਦ ਮੌਤ ਹਾਂ।"

ਪਿਛਲੇ ਦਿਨੀਂ ਮੌਤ ਆਪਣੇ ਕਰੂਪ ਅਤੇ ਕਰੂਰ ਰੂਪ ਵਿਚ ਸੰਗੋਤ ਕੇ ਰੱਖ ਗਈ ਹੈ।

**ਮੋਤ ਮਲ ਸਿੰਘ** : ਸਰਸੇ ਇਲਾਕੇ ਦੇ ਪਿੰਡ ਜੀਵਨ ਨਗਰ ਦੇ ਵਸਨੀਕ, ਸਰੂ ਵਰਗਾ ਕਦ, ਸੂਰਬੀਰਾਂ ਵਰਗਾ ਦਾਹੜਾ ਹਲੀਮੀ ਵਾਲੇ ਬੋਲ, ਹਰ ਵਕਤ ਗਤੀਸ਼ੀਲ ਰਹਿਣ ਵਾਲੇ ਆਪਣੇ ਇਲਾਕੇ ਦੀ ਧੜਕਣ ਸਨ। ਸਤਿਗੁਰੂ ਜੀ ਦੇ ਵਿਸ਼ੇਸ਼ ਕ੍ਰਿਪਾ ਪਾਤਰ। ਉਮਰ ਜੇ ਚਾਲੀਆਂ ਤੋਂ ਉਤੇ ਹੈ ਤਾਂ ਪੰਜਾਹ ਤੋਂ ਘਟ ਹੀ ਹੈ। ਬਸ ਦੁਰਘਟਨਾ ਵਿਚ ਮੌਕੇ ਤੇ ਚੜ੍ਹਾਈ ਕਰ ਗਏ। ਬੱਸ ਅਤੇ ਟਰੱਕ ਦੀ ਟਕਰ ਵਿਚ ਉਹ ਸਾਥੋਂ ਸਦਾ ਲਈ ਜੁਦਾ ਹੋ ਗਏ। ਇਸ ਘਟਨਾ ਨਾਲ ਸਾਰੇ ਨਾਮਧਾਰੀ ਜਗਤ ਵਿਚ ਸੋਗ ਦੀ ਲਹਿਰ ਦੌੜ ਗਈ ਜਿਸ ਨੂੰ ਸਤਿਗੁਰੂ ਜੀ ਦੇ ਮਾਰਗ ਦਰਸ਼ਨ ਨੇ ਹੀ ਸਾਂਭ ਕੇ ਰਖਿਆ ਅਤੇ ਭਾਣਾ ਮੰਨਣ ਦੇ ਯੋਗ ਬਣਾਇਆ। ਹੁਣ ਜਦੋਂ ਵੀ ਜੀਵਨ ਨਗਰ ਵਲ ਜਾਣਾ ਹੋਵੇਗਾ ਇਸ ਪਿਆਰੀ ਸੂਰਤ ਦਾ ਦੀਦਾਰ ਨਹੀਂ ਹੋਵੇਗਾ। ਵਰਿਆਮ ਦੇ ਇਸ ਜੀਵਨ ਮੈਂਬਰ ਦੇ ਵਿਛੋੜੇ ਵਿਚ ਪਰਿਵਾਰ ਨਾਲ ਸਾਡੀ ਡੂੰਘੀ ਹਮਦਰਦੀ ਹੈ।

**ਬਲਜੀਤ ਪੰਨੂ :**

ਭਾਵੇਂ ਇਸ ਦੁਰਘਟਨਾ ਨੂੰ ਵਾਪਰਿਆਂ ਕੁਝ ਦਿਨ ਹੋ ਚੁਕੇ ਹਨ ਪਰ ਅਜੇ ਵੀ ਯਕੀਨ ਨਹੀਂ ਬੱਝ ਰਿਹਾ ਕਿ ਅਸੀਂ ਬਲਜੀਤ ਪੰਨੂ ਨੂੰ ਸ਼ਰਧਾਂਜਲੀਆਂ ਦੇ ਰਹੇ ਹਾਂ। 'ਨਵਾਂ ਜ਼ਮਾਨਾ' ਦਾ ਊਘਾ ਐਡੀਟਰ ਹਰ ਵਕਤ ਗਤੀਸ਼ੀਲ, ਕ੍ਰਿਆਸ਼ੀਲ। ਸਦਾ ਚਿਹਰੇ ਤੇ ਮੁਸਕਾਣ ਸਹਿਤ ਮਿਲਦਾ। ਉਸ ਦੇ ਕੱਦ ਕਾਠ, ਜੁਆਨੀ ਅਤੇ ਰੰਗ ਰੂਪ ਨੂੰ ਵੇਖ ਕੇ ਕੋਈ ਉਸ ਨੂੰ ਰੂਸੀ ਕਹਿੰਦਾ ਅਤੇ ਕੋਈ ਅੰਗਰੇਜ਼। ਪਤ੍ਰਕਾਰੀ ਅਤੇ ਸਾਹਿਤ ਦੋਹਾਂ ਦੀ ਸੂਝ ਰਖਣ ਵਾਲਾ ਵਧੀਆ ਲੇਖਕ ਤੇ ਪਿਆਰਾ ਦੋਸਤ ਸੀ। ੨੫ ਅਕਤੂਬਰ ਦੀ ਸਵੇਰ ਨੂੰ ਹੀ ਇਹ ਸਾਡਾ ਮਿਤਰ ਕਾਰ ਦੇ ਇਕ ਹੌਲਨਾਕ ਹਾਦਸੇ ਵਿਚ ਹਲਾਕ ਹੋ ਕੇ ਕਹਿਰ ਬਰਪਾ ਕਰ ਗਿਆ। ਸਰਕਾਰੀ ਬਸ ਬੇ-ਕਾਬੂ ਹੋ ਕੇ ਪਤਰਕਾਰਾਂ ਨੂੰ ਲਿਜਾ ਰਹੀ ਟੈਕਸੀ-ਕਾਰ ਨੂੰ ਤਹਿਸ ਨਹਿਸ ਕਰਦੀ ਚਾਰ ਜਿੰਦੜੀਆਂ ਨੂੰ ਮਧੋਲਦੀ ਉਲਟ ਗਈ। ਸਰਕਾਰੀ ਬਸਾਂ ਦੀਆਂ ਕਮਾਨੀਆਂ ਟੁਟਣ ਅਤੇ ਚੱਕੇ ਨਿਕਲਣ ਦੀ ਆਮ ਸ਼ਕਾਇਤ ਇਥੇ ਵੀ ਭਿਆਨਕ ਕਾਰਾ ਕਰ ਗਈ। ਵਰਿਆਮ ਦੇ ਕਾਲਮਾਂ ਵਿਚ ਪਾਠਕ ਪੰਨੂ ਦੀਆਂ ਰਚਨਾਵਾਂ ਅਕਸਰ ਪੜ ਚੁੱਕੇ ਹਨ। ਪੰਨੂ ਆਪਣੀ ਭਰ ਜੁਆਨੀ ਵਿਚ ਆਪਣੀ ਪਿਆਰੀ ਪਤਨੀ ਨਵਰੂਪ (ਸੰਤੋਖ ਸਿੰਘ ਧੀਰ ਦੀ ਸਪੁਤਰੀ) ਅਤੇ ਦੋ ਪਿਆਰੇ ਸਪੁਤਰਾਂ ਨੂੰ ਰੋਂਦਿਆਂ ਛੱਡ ਗਿਆ ਹੈ। ਵਰਿਆਮ ਦੇ ਪਰਚੇ ਨਾ ਮਿਲਣ ਦੀ ਸ਼ਕਾਇਤ ਕਰਨ ਵਾਲੀ, ਇਸ ਦੇ ਲੇਖਾਂ ਦੀ ਪਰਸੰਸਾ ਅਤੇ ਆਲੋਚਨਾ ਕਰਨ ਵਾਲੀ ਪਿਆਰੀ ਰੂਹ ਪਤਾ ਨਹੀਂ ਕਿਹੜੇ ਦੇਸ ਜਾ ਵਸੀ ਹੈ। ਪੰਨੂ ਕਮਿਊਨਿਸਟ ਪਾਰਟੀ ਦੀ ਸਟੇਟ ਕਾਉਂਸਲ ਦਾ ਮੈਂਬਰ ਸੀ ਪਰ ਉਹ ਵਿਤਕਰੇ ਰਹਿਤ ਸਭ ਦੇ ਕੰਮ ਆਉਂਦਾ ਸੀ। ਪਤ੍ਰਕਾਰਾਂ ਦੇ ਹੱਕਾਂ ਵਾਸਤੇ ਉਹ ਅਗੇ ਹੋ ਕੇ ਲੜਦਾ ਰਿਹਾ ਅਤੇ ਪੰਜਾਬ ਦੇ ਸਾਰੇ ਪਤ੍ਰਕਾਰਾਂ ਵਿਚ ਹਰਮਨ ਪਿਆਰਾ ਸੀ। ਉਹ ਦੀ ਅਭੁਲ ਯਾਦ, ਸਦਾ ਹੀ ਸਾਡੇ ਮਨਾਂ ਤੇ ਰਹੇਗੀ।

**ਮੇਜਰ ਸਿੰਘ :**

ਇਸੇ ਹੀ ਕਾਰ ਹਾਦਸੇ ਵਿਚ ਸਾਡਾ ਦੂਸਰਾ ਦੋਸਤ ਸ: ਮੇਜਰ ਸਿੰਘ 'ਜੱਗ ਬਾਣੀ' ਦਾ ਸੰਪਾਦਕ ਚੜ੍ਹਾਈ, ਕਰ ਗਿਆ। ਇਹ ਪਰੈਸ ਪਾਰਟੀ ਇੱਕਠੀ ਹੀ ਸਟੇਟ ਬੈਂਕ ਦੇ ਇਕ ਸਮਾਗਮ ਤੇ ਚੰਡੀਗੜ੍ਹ ਰਾਹੀਂ ਪਾਲਮਪੁਰ ਜਾ ਰਹੀ ਸੀ। ਮੇਜਰ ਸਿੰਘ ਵੀ ਇਕ ਫੌਜੀ ਅਫਸਰ ਵਾਂਗ ਜਵਾਨ, ਉਚਾ ਲੰਮਾ ਪ੍ਰਭਾਵਸ਼ਾਲੀ ਸ਼ਖਸੀਅਤ ਦਾ ਮਾਲਕ ਸੀ। ਮਿਲਣ ਸਾਰ ਤੇ ਕੰਮ ਆਉਣ ਵਾਲਾ। ਪਹਿਲਾਂ ਅਜੀਤ ਵਿਚ ਕੰਮ ਕਰਦਾ ਸੀ ਫਿਰ ਜੱਗ—ਬਾਣੀ ਨੂੰ ਆਪਣੀ ਮਿਹਨਤ ਤੇ ਲਗਣ ਨਾਲ ਉਚਾ ਚੁੱਕ ਰਿਹਾ ਸੀ। ਆਪਣੇ ਚਾਰ ਛੋਟੇ ਛੋਟੇ ਬਚਿਆਂ ਅਤੇ ਪਤਨੀ ਨੂੰ ਜੁਦਾਈ ਦੇ ਗਿਆ ਹੈ।

ਪੰਨੂ ਤੇ ਮੇਜਰ ਦੇ ਪਰਿਵਾਰਾਂ, ਨਵਾਂ ਜ਼ਮਾਨਾ ਤੇ ਜੱਗ ਬਾਣੀ ਦੇ ਸੰਚਾਲਕਾਂ, ਕਾਮਰੇਡ ਧੀਰ ਅਤੇ ਹੋਰ ਅਣਗਿਣਤ ਦੋਸਤਾਂ ਦੇ ਗ਼ਮ ਵਿਚ ਅਸੀਂ ਸ਼ਰੀਕ ਹੁੰਦੇ ਹਾਂ।

—ਜਗਦੀਸ਼ ਸਿੰਘ

Sri Satguru Jagjit Singh Ji Elibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

: 258411
Phones : Office : 250345
Resi. : 213054

# ਟੈਂਟ ਹਾਊਸ ਵਾਲਿਆਂ ਵਾਸਤੇ ਖੁਸ਼ਖਬਰੀ

ਵਧੀਆ, ਦਿਲਕਸ਼ ਵੰਨ ਸੁਵੰਨੇ ਸੁੰਦਰ ਡੀਜ਼ਾਈਨਾਂ ਤੇ ਗਰੰਟੀ ਸ਼ੁਦਾ ਪਕੇ ਰੰਗਾਂ ਵਿਚ ਬਣੇ
ਟੁਕੜੀਦਾਰ ਪਰਿੰਟ ਸ਼ਾਮਿਆਨੇ, ਕਨਾਤਾਂ, ਲਕੜੀ ਤੇ ਸਟੀਲ ਦੇ
ਫਰਨੀਚਰ ਲਈ ਪਧਾਰੋ ਜਾਂ ਲਿਖੋ ।

## ਨਾਮਧਾਰੀ ਏਜੰਸੀਜ਼

੨/੨੦੬੮ ਚਾਹ ਅੰਦਾਰਾ, ਜੁਬਲੀ ਸਿਨਮਾ ਦੇ ਪਿਛੇ
ਚਾਂਦਨੀ ਚੌਂਕ ਦਿਲੀ ੧੧੦੦੦੬.

Manufacturers & Suppliers of :

TUKRIDAR PRINTED SHAMIANAS & KANATS
FOR ALL KINDS, IN ATTRACTIVE AND GUARANTEED FAST-COLOURS;
WOODEN & STEEL FURNITURE

PLEASE CONTACT

# NAMDHARI AGENCIES

**2/2068 CHAH ANDARA,**
**(Behind Jubilee Cinema)**
**CHANDNI CHOWK, DELHI-110006**




Sri Satguru Jagjit Singh Ji Elibrary NamdhariElibrary@gmail.com

HIGH CLASS GUN MANUFACTURERS

AND

REPAIRERS

# FREE INDIA GUN MANUFACTURERS

(Industrial Estate, Extention Area, Jammu Cantt.)



(SINGLE BARREL OR DOUBLE BARREL) 12 Bore Guns

## Once Purchased Ever Purchased

AS

BEST QUALITY OF THE DAY

IS

OUR MOTTO

IN NEED CONTACT US FOR BARGAIN

WITH FULL CONFIDENCE



Sri Satguru Jagjit Singh Ji Elibrary NamdhariElibrary@gmail.com

ਮਾਸਕ

# ਵਰਿਆਮ

ਅਕਤੂਬਰ
੧੯੮੦

ਜਿਲਦ ਨੰ: ੫ ਅੰਕ ਨੰ: ੧੨

ਸੰਪਾਦਕ : ਜਗਦੀਸ਼ ਸਿੰਘ

ਮੁੱਲ ਪ੍ਰਤੀ ਕਾਪੀ : ੧-੫੦ ਰੁਪਿਆ
ਸਾਲਾਨਾ ਚੰਦਾ ਦੇਸ : ੧੫ ਰੁਪਏ

" " ਵਿਦੇਸ਼ : ੩੦ ਰੁਪਏ (ਸਮੁੰਦਰੀ ਡਾਕ ਰਾਹੀਂ)
" " ਵਿਦੇਸ਼ : ੧੦੦ ਰੁਪਏ (ਹਵਾਈ ਡਾਕ ਰਾਹੀਂ)
ਲਾਈਫ ਮੈਂਬਰਸ਼ਿਪ : ੨੦੦ ਰੁਪਏ ਕੇਵਲ ਦੇਸ ਵਿਚ

**ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ**

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪਤਰ ਨੰਬਰ ੩/੧-੭੭-ਐਡੀਫਰਚ, ਮਿਤੀ ੨-੩-੭੭ ਰਾਹੀਂ ਪੰਜਾਬ ਭਰ ਦੇ ਸਕੂਲਾਂ ਕਾਲਜਾਂ ਤੇ ਲਾਇਬ੍ਰੇਰੀਆਂ ਲਈ ਪ੍ਰਵਾਨ ਹੈ।


ਦਫਤਰ ਦਾ ਪਤਾ :
ਮਾਸਕ ਵਰਿਆਮ,
ਲਾਡੋਵਾਲੀ ਰੋਡ
ਜਲੰਧਰ—੧੪੪੦੦੧,
ਫੋਨ : ੭੨੫੦੪ ਪੀ, ਪੀ,

Office Address
Monthly WARIAM
(Punjabi)
Ladowali Road
Jullundur-144001
Phone : 72504 P.P.


ਵਰਿਆਮ ਵਿਚ ਛਪੇ ਲੇਖਕਾਂ ਦੇ ਵਿਚਾਰਾਂ ਨਾਲ ਐਡੀਟਰ ਵਰਿਆਮ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।



Sri Satguru Jagjit Singh Ji Elibrary NamdhariElibrary@gmail.com

# ਮਤੀ

—ਜਸਵੰਤ ਸਿੰਘ ਵਿਰਦੀ

'ਇਹ ਕਿਵੇਂ ?'

'ਦੋਵੇਂ ਹੀ ਆਪਣੇ ਘਰੋਂ ਦੂਰ ਕੇ ਆਪਣੇ ਆਪਣੇ ਬਹੁ ਸਾਗਰ ਨੂੰ ਜਾ ਮਿਲਦੀਆਂ ਨੇ......'

ਸਾਡੀਆਂ ਗੱਲਾਂ ਵੇਲੇ ਗੋਮਤੀ ਸਾਹਮਣੇ ਨਹੀਂ ਸੀ ਹੁੰਦੀ '

'ਮੈਂ ਕੀ ਲੈਣਾ ਦੇਣਾ ?'

ਪਰ ਮੈਨੂੰ ਉਹਦੇ ਨਾਲ ਮੋਹ ਹੋ ਗਿਆ ਸੀ ਅਤੇ ਉਸ ਮਾਧਿਅਮ ਰਾਹੀਂ ਗੋਮਤੀ ਨਦੀ ਨਾਲ ਵੀ !

ਜਦੋਂ ਮੈਂ ਆਪਣੀ ਗੋਮਤੀ ਬਾਰੇ ਸੋਚਦਾ ਸਾਂ ਤਾਂ ਮੈਨੂੰ ਨਦੀ ਦਾ ਵੀ ਖਿਆਲ ਆਉਂਦਾ ਸੀ !

ਪਰ ਇਹ ਕਿੰਨੀ ਹੋਛੀ ਗੱਲ ਸੀ ਕਿ ਜਦੋਂ ਗੋਮਤੀ ਡੋਲੀ ਚੜ੍ਹੀ ਤਾਂ ਮੈਂ ਪਿੰਡੋਂ ਬਾਹਰ ਚਲਾ ਗਿਆ ਸਾਂ। ਪਿੰਡ ਦੀ ਧੀ ਵਿਦਾ ਹੋ ਰਹੀ ਹੋਵੇ ਤੇ ਸਾਡੇ ਕੋਲ ਸ਼ਗਨ ਲਈ ਇਕ ਛਿਲੜ ਵੀ ਨਾ ਹੋਵੇ !

ਸਾਡੇ ਪਿੰਡ ਕੋਲ ਵੀ ਇਕ ਗੋਮਤੀ ਵਗਦੀ ਹੁੰਦੀ, ਤਾਂ ਹੁਣ ਤਕ ਇਹ ਦੇਹ ਨਾ ਲਈ ਫਿਰ ਰਿਹਾ ਹੁੰਦਾ ! ਫੇਰ ਇਕ ਅਜੀਬ ਗੱਲ ਇਹ ਹੋਈ ਕਿ ਗੋਮਤੀ ਵਿਆਹੀ ਵੀ ਲਖਨਊ ਹੀ ਗਈ !

ਇਕ ਗੋਮਤੀ ਦੂਸਰੀ ਗੋਮਤੀ ਨੂੰ ਮਿਲਣ ਲਈ ! ਨਵੇਂ ਰਾਹਵਾਂ ਤੇ ਚਲਕੇ ਅਨੋਖੇ ਭਾਵਾਂ ਦੀ ਸਿਰਜਣਾ ਕਰਨ ਲਈ !

ਗੋਮਤੀ ਦੇ ਜਾਣ ਮਗਰੋ, ਮੈਂ ਕਈ ਕੁੜੀਆਂ ਨੂੰ ਗੋਮਤੀ ਕਹਿਕੇ ਪੁਕਾਰਦਾ, ਉਹ ਮੁਸਕਰਾ ਪੈਂਦੀਆਂ !

ਕੀ ਹਰ ਕੁੜੀ ਦੇ ਅੰਦਰ ਇਕ ਗੋਮਤੀ ਵਸਦੀ ਹੈ ?

ਜਦੋਂ ਕਦੀ ਗੋਮਤੀ ਦੇ ਪਾਣੀ ਮੇਰੇ ਦਿਲ ਵਿਚ ਤੂਫਾਨ ਪੈਦਾ ਕਰਦੇ ਨੇ ਤਾਂ ਮੈਨੂੰ ਲਗਦਾ ਹੈ ਕਿ ਝਖੜਾਂ ਵਾਂਗ ਝੁੱਲ ਪਵਾਂਗਾ, ਧਰਤੀ ਤੇ ਫੈਲ ਜਾਵਾਂਗਾ ਅਤੇ ਹਰ ਪਾਸੇ ਜਲਥਲ ਕਰ ਦਿਆਂਗਾ !

ਪਰ ਗੋਮਤੀ ਵਾਲੀ ਸਮਰਥਾ ਕਿਥੋਂ ਲਿਆਵਾਂ ?

ਮੈਂ ਕਈ ਵਾਰ ਸੋਚਦਾ ਹਾਂ ਕਿ ਲਖਨਊ ਵਾਲਿਆਂ ਦੀ ਜ਼ਿੰਦਗੀ ਦੀ ਨਿਰੰਤਰਤਾ ਦਾ ਭੇਤ ਗੋਮਤੀ ਦੀ ਚਾਲ ਵਿਚ ਹੀ ਕਿਤੇ ਲੁਕਿਆ ਹੋਇਆ ਹੋਵੇਗਾ।

ਜਦੋਂ ਉਹ ਲੋਕ ਹੰਭ ਹਾਰ ਕੇ ਬਹਿ ਜਾਂਦੇ, ਹੋਣਗੇ ਤਾਂ ਗੋਮਤੀ ਉਨ੍ਹਾਂ ਨੂੰ ਨਵਾਂ ਸਿਰਿਉਂ ਜਿੰਦ-ਜਾਨ ਪ੍ਰਦਾਨ ਕਰਕੇ ਰਵਾਂ ਦਮਾਂ ਕਰ ਦਿੰਦੀ ਹੋਵੇਗੀ।



Sri Satguru Jagjit Singh Ji Elibrary NamdhariElibrary@gmail.com

ਮਜ਼ਾਜ ਦੀ ਬੇਪਰਵਾਹ ਅਤੇ ਆਵਾਰਗੀ ਭਰੀ ਜ਼ਿੰਦਗੀ ਵਿਚ ਵੀ ਤਾਂ ਗੋਮਤੀ ਨੇ ਹੀ ਭਟਕਣ ਪੈਦਾ ਕੀਤੀ ਸੀ।

ਲਖਨਊ ਦੀਆਂ ਮੁਟਿਆਰਾਂ ਦੇ ਛਣਕਦੇ ਹਾਸੇ ਵਿਚੋਂ ਗੋਮਤੀ ਦੀ ਛਣਛਣਾਹਟ ਨੂੰ ਪਛਾਨਣਾ ਕੀ ਔਖਾ ਹੈ?

ਲਖਨਊ ਦੀਆਂ ਕੁੜੀਆਂ ਵੀ ਤਾਂ ਗੋਮਤੀ ਵਾਂਗ ਹੀ ਵੇਗਮਈ ਨੇ।

ਆਪਣੀ ਗੋਮਤੀ ਦੇ ਜਾਣ ਮਗਰੋਂ ਮੈਂ ਗੋਮਤੀ ਨੂੰ ਜਿੰਨਾ ਜਾਣਿਆਂ, ਪਹਿਲਾਂ ਨਹੀਂ ਸਾਂ ਪਛਾਣ ਸਕਿਆ।

ਨਦੀ ਗੋਮਤੀ ਬਾਰੇ ਵੀ।

ਗੋਮਤੀ ਬਾਰੇ ਜਾਨਣਾ ਵੀ ਇਕ ਦੁਨੀਆਂ ਲਭਣ ਦੇ ਬਰਾਬਰ ਹੈ।

ਸਪਤ ਸਿੰਧੂ ਦੇ ਸੱਤਾਂ ਦਰਿਆਵਾਂ ਮਗਰੋਂ ਰਿਗਵੇਦ ਵਿਚ 'ਨਦੀ ਸਤੁਤੀ' ਦੇ ਖੰਡ ਵਿਚ ਜਿੰਨਾ ਹੋਰ ਨਦੀਆਂ ਦੀ ਪ੍ਰਸੰਸਾ ਦਰਜ ਹੈ, ਉਨ੍ਹਾਂ ਵਿਚ ਗੋਮਤੀ ਦਾ ਨਾਂ ਵੀ ਬੜੇ ਆਦਰ ਨਾਲ ਲਿਆ ਗਿਆ ਹੈ।

ਪਹਿਲਾਂ ਇਸ ਨੂੰ ਸਿੰਧੂ ਦੀ ਸਹਾਇਕ ਨਦੀ, ਪਰ ਫੇਰ ਗੰਗਾ ਦੀ ਸਹਾਇਕ ਕਿਹਾ ਗਿਆ ਹੈ। ਪਤਾ ਨਹੀਂ ਉਦੋਂ ਸਾਡੇ ਦਰਿਆਵਾਂ ਦੀ ਦਿਸ਼ਾ ਕੀ ਹੋਵੇ। ਪਰ ਮੇਰਾ ਖਿਆਲ ਹੈ ਕਿ ਉਨ੍ਹਾਂ ਦੀ ਨਿਰੰਤਰ ਗਤੀ ਵਿਚ ਤਾਂ ਕੋਈ ਫ਼ਰਕ ਨਹੀਂ ਪਿਆ।

ਉਦੋਂ ਦੇਸ਼ਾਂ ਤੇ ਖੰਡਾਂ ਦੇ ਨਾਂ ਰਾਜਿਆਂ ਦੇ ਨਾਵਾਂ ਨਾਲ ਅਤੇ ਦਰਿਆਵਾਂ ਦੇ ਨਾਂ ਰਿਸ਼ੀਆਂ ਅਤੇ ਜਾਂ ਕੁਝ ਹੋਰ ਪੌਰਾਣਿਕ ਪਾਤਰ ਨਾਲ ਸੰਬੰਧਤ ਕਰਕੇ ਰਖੇ ਜਾਂਦੇ ਸਨ।

ਰਿਗਵੇਦ ਕਾਲ ਵਿਚ ਗੋਮਤੀ ਦਾ ਇਲਾਕਾ ਗਊਆਂ ਨਾਲ ਭਰਪੂਰ ਹੋਵੇਗਾ, ਤਦ ਹੀ ਉਨ੍ਹਾਂ ਨੇ ਇਸ ਦਾ ਨਾਂ ਗੋਮਤੀ ਰਖਿਆ।

ਸਾਡੇ ਬਜ਼ੁਰਗ ਆਰੀਆ ਲੋਕ ਦਰਿਆਵਾਂ ਅਤੇ ਗਊਆਂ ਤੇ ਵਿਦਵਾਨਾਂ ਨੂੰ ਜਿੰਨੀ ਮਾਣਤਾ ਦਿੰਦੇ ਸਨ, ਉਸ ਦਾ ਬਿਆਨ ਔਖਾ ਹੈ।

ਅਸੀਂ ਤਾਂ ਹੁਣ ਵੀ ਆਰੀਆ ਲੋਕ ਹੀ ਹਾਂ, ਪਰ ਗਊਆਂ ਦਰਿਆਵਾਂ ਅਤੇ ਵਿਦਵਾਨਾਂ ਬਾਰੇ ਨਹੀਂ ਜਾਣਦੇ।

ਗੋਮਤੀ ਨਦੀ ਦਾ ਸੋਮਾ ਪੀਲੀ ਭੀਤ ਦੇ ਪੂਰਬ ਵਲੋਂ, ਤੀਹ ਕੁ ਕਿਲੋਮੀਟਰ ਦੂਰੋਂ ਫੁਟਦਾ ਹੈ। ਪਰ ਉਹ ਸੋਮਾ ਬੜਾ ਗਰੀਬੜਾ ਜਿਹਾ ਹੈ ਜਿਸ ਕਰਕੇ ਵਰ੍ਹੇ ਭਰ ਲਈ ਗੋਮਤੀ ਨੂੰ ਤਰੋਤਾਜ਼ਾ ਨਹੀਂ ਰੱਖ ਸਕਿਆ। ਬੀਸਲਪੁਰ ਦੀ ਝੀਲ ਵਿਚੋਂ ਚਲ ਕੇ ਗੰਗਾ ਦੀ ਹਿਕ ਨਾਲ ਲਗਣਾ, ਇਹੋ ਹੀ ਉਹਦਾ ਉਦੇਸ਼ ਹੈ। ਗਰਮੀਆਂ ਵਿਚ ਤਾਂ ਗੋਮਤੀ ਕੇਵਲ ਨਾਂ ਦੀ ਹੀ ਗੋਮਤੀ ਹੁੰਦੀ। ਉਹਦਾ ਵੀਹ ਕਿਲੋਮੀਟਰ ਦਾ ਰਾਹ ਕੇਵਲ ਰਾਹ ਹੀ ਹੁੰਦਾ, ਦਰਿਆ ਨਹੀਂ।

ਪਰ ਇਕ ਛੋਟੀ ਜਿਹੀ ਹੋਰ ਨਦੀ ਗੋਹਾਈ ਦੇ ਰਲਣ ਨਾਲ ਗੋਮਤੀ ਬਾਕਾਇਦਾ ਇਕ ਨਦੀ ਦੇ ਰੂਪ 'ਚ ਟੁਰ ਪੈਂਦੀ ਹੈ।

ਗੋਮਤੀ ਸ਼ਾਇਦ ਉਨ੍ਹਾਂ ਨਦੀਆਂ ਵਿਚੋਂ ਹੈ ਜਿੰਨਾਂ ਨੂੰ ਮੂਲ ਸੋਮੇ ਤੋਂ ਕੋਈ ਖਾਸ ਪਾਣੀ ਨਹੀਂ ਮਿਲਦਾ, ਪਰ ਰਾਹ 'ਚ ਮਿਲਣ ਵਾਲੀਆਂ ਨਦੀਆਂ ਨਾਲ ਉਨ੍ਹਾਂ ਦੀ ਸਮਰਥਾ ਦਿਨੋ ਦਿਨ ਵਧਦੀ ਜਾਂਦੀ ਹੈ।

ਜਦੋਂ ੫੬ ਕਿਲੋਮੀਟਰ ਦੇ ਪੈਂਡੇ ਮਗਰੋਂ, ਜੋਕਨਈ ਵੀ ਗੋਮਤੀ ਦਾ ਹੀ ਰੂਪ ਬਣ ਜਾਂਦੀ ਹੈ ਤਾਂ ਗੋਮਤੀ ਦਾ ਜਲਵਾ ਥਿਰਕ ਦੀਆਂ ਲਹਿਰਾਂ ਦੇ ਰੂਪ 'ਚ ਨਿਖਰ ਉਠਦਾ ਹੈ। ਪਰ ਫੇਰ ਵੀ ਸ਼ਾਹਜਹਾਂ ਪੁਰ ਤੇ ਖੇੜੀ ਨੇੜੇ ਇਹਦਾ ਰੂਪ ਵਿਸਥਾਰ ਨਹੀਂ ਹੁੰਦਾ।

ਮੁਹੰਮਦੀ ਹੀ ਸ਼ਾਇਦ ਉਹ ਥਾਂ ਹੈ, ਜਿਥੇ ਪੁਜਕੇ ਇਹਦਾ ਸੁਭਾ ਹੀ ਬਦਲ ਜਾਂਦਾ ਹੈ। ਫੇਰ ਇਹਦਾ ਪਾਟ ਘਟੋ ਘਟ ੩. ਮੀਟਰ ਅਤੇ ਵਧ ਤੋਂ ਵਧ ੬੦ ਮੀਟਰ ਤਕ ਫੈਲਦਾ ਹੋਇਆ ਲਖਨਊ ਤਕ ਪੁਜ ਕੇ ਘਟੋ ਘਟ ੨੦ ਮੀਟਰ ਗਹਿਰ ਗੰਭੀਰ ਬਣ ਜਾਂਦਾ ਹੈ।

ਲਖਨਊ ਗੋਮਤੀ ਦੇ ਸੋਮੇ ਤੋਂ ੨੯੮ ਕਿਲੋਮੀਟਰ ਦੂਰ ਜਗਮਗਾ ਰਿਹਾ ਹੈ।

ਜਦੋਂ ਅਸੀਂ ਗੋਮਤੀ ਨੂੰ ਮਿਲਣ ਲਈ ਲਖਨਊ ਗਏ ਤਾਂ ਮੈਨੂੰ ਬੁੱਢੇ ਦਰਿਆ ਦੇਵਿੰਦਰ ਸਤਿਆਰਥੀ ਦੀ ਕਹੀ ਹੋਈ ਗੱਲ ਚੇਤੇ ਆਈ।



Sri Satguru Jagjit Singh Ji Elibrary NamdhariElibrary@gmail.com

'ਨਾ ਲਖਨਊ ਕਿਸੇ ਸ਼ਹਿਰ ਦਾ ਨਾਂ ਏ, ਨਾ ਗੋਮਤੀ ਕਿਸੇ ਨਦੀ ਦਾ ਨਾਂ। ਲਖਨਊ ਇਕ ਮਾਹੌਲ ਏ, ਗੋਮਤੀ ਇਕ ਕੈਫੀਅਤ।'

ਲਖਨਊ ਤੋਂ ਮੈਂ ਜਨਮ ਕੁਰਬਾਨ।

'ਲਖਨਊ ਹਮ ਪਰ ਫਿਦਾ ਹੈ ਹਮ ਫਿਦਾਏ ਲਖਨਊ।' ਲਖਨਊ ਵਾਲੇ ਕਹਿੰਦੇ ਨੇ। ਜਿਸ ਵੇਲੇ ਉਹ ਇਹ ਗੱਲ ਕਹਿੰਦੇ ਨੇ ਤਾਂ ਉਨ੍ਹਾਂ ਦੇ ਚਿਹਰੇ ਗੋਮਤੀ ਦੇ ਤੇਜ਼ ਪਾਣੀਆਂ ਦੀਆਂ ਲਹਿਰਾਂ 'ਚ ਵੀ ਲਿਸ਼ਕਦੇ ਨੇ।

'ਨਦੀ ਆਪਣੇ ਕਿਨਾਰੇ ਖੋਰਦੀ ਰਹਿੰਦੀ ਏ। ਪਰ ਉਸ ਦੇ ਕਿਨਾਰੇ ਵਸਣ ਵਾਲੇ ਉਸਦਾ ਮੋਹ ਨਹੀਂ ਛਡਦੇ।'

ਲਖਨਊ ਵਾਲਿਆਂ ਦੀ ਜ਼ਿੰਦਗੀ ਨੂੰ ਵੇਖਕੇ ਅਤੇ ਸਮਝਕੇ ਇਸ-ਗੱਲ ਨੂੰ ਸਮਝਣਾ ਔਖਾ ਨਹੀਂ। ਆਏ ਦਿਨ ਕਿੰਨੇ ਹੀ ਹਾਦਸੇ ਹੁੰਦੇ ਨੇ, ਗੋਮਤੀ ਦੇ ਪਾਣੀ ਰੋਹ 'ਚ ਆ ਕੇ ਕਿਵੇਂ ਲੋਕਾਂ ਦੇ ਸਿਦਕ ਦੀ ਪਰੀਖਿਆ ਲੈਂਦੇ ਨੇ, ਪਰ ਲਖਨਊ ਵਾਲਿਆਂ ਦਾ ਅੰਦਾਜ਼ੇ ਜ਼ਿੰਦਗੀ ਅਤੇ ਅੰਦਾਜ਼ੇ ਬਿਆਨ ਵੇਖਕੇ ਹੈਰਾਨੀ ਹੁੰਦੀ ਹੈ ਕਿ ਉਹ ਕਿਵੇਂ ਗੋਮਤੀ ਦੇ ਕਿਨਾਰੇ ਰਹਿਕੇ, ਉਹਦੇ ਤੂਫਾਨੀ ਪਾਣੀਆਂ ਦੀ ਮਾਰ ਸਹਿਕੇ ਵੀ ਆਪਣੇ ਖਾਸ ਕਿਸਮ ਦੇ ਵਖਰੇ ਅੰਦਾਜ਼ ਨੂੰ ਕਾਇਮ ਰੱਖ ਬੈਠੇ ਨੇ।

ਹੁਣ ਤਾਂ ਗੋਮਤੀ ਤੇ ਵੀ ਉਨ੍ਹਾਂ ਦੇ ਅੰਦਾਜ਼ ਦਾ ਅਸਰ ਹੁੰਦਾ ਜਾ ਰਿਹਾ ਹੈ।

ਲਖਨਊ ਦੀ ਜ਼ਲਵਾਗਿਰੀ ਵਿਚ ਗੋਮਤੀ ਦਾ ਕੋਈ ਹੱਥ ਨਹੀਂ ?

ਖੂਬਸੂਰਤ ਫੁੱਲਾਂ ਤੇ ਚਿਹਰਿਆਂ ਵਾਲਾ ਸ਼ਹਿਰ ਲਖਨਊ। ਲਖਨਵੀ ਅੰਦਾਜ਼ ਦੇ ਹੁਸੀਨ ਚਿਹਰੇ।

ਇਨ੍ਹਾਂ ਫੁੱਲਾਂ ਅਤੇ ਚਿਹਰਿਆਂ ਦੀ ਦਿਲਕਸ਼ੀ ਦਾ ਮੈਨੂੰ ਉਦੋਂ ਕਾਰਣ ਲਭਾ, ਇਹਦੇ ਸਰੋਤ ਦਾ ਪਤਾ ਲਗਾ ਜਦੋਂ ਕਿ ਮੈਂ ਗੋਮਤੀ ਦੇ ਪਾਣੀਆਂ ਦੇ ਭੇਤ ਨੂੰ ਜਾਣਿਆਂ।

ਸਾਡੇ ਦੇਸ਼ ਦੇ ਵਡਿਆਂ ਦਰਿਆਵਾਂ ਦੇ ਮੁਕਾਬਲੇ ਤੇ ਗੋਮਤੀ ਭਾਵੇਂ ਕਿ ਇਕ ਛੋਟੀ ਨਦੀ ਹੀ ਹੈ, ਪਰ ਉਹਨੇ ਜਿਸ ਤਰ੍ਹਾਂ ਲਖਨਊ ਦੇ ਹੁਸਨ ਨੂੰ ਨਿਖਾਰਿਆ ਅਤੇ ਉਸ ਦੀ ਸ਼ਾਇਰੀ ਵਿਚ ਰੰਗ ਭਰਿਆ ਹੈ, ਉਸ ਤਰ੍ਹਾਂ ਸ਼ਾਇਦ ਕੋਈ ਬ੍ਰਹਮਪੁਤਰ ਵੀ ਨਾ ਕਰ ਸਕਦਾ।

ਪੁਰਾਣਾ ਲਖਨਊ ਗੋਮਤੀ ਦੇ ਸੱਜੇ ਹੱਥ ਵਸਿਆ ਹੋਇਆ ਹੈ, ਪਰ ਹੁਣ ਉਹ ਉੱਤਰ ਵਲ ਵੀ ਫੈਲਾਰਦਾ ਜਾ ਰਿਹਾ ਹੈ। ਯੂਨੀਵਰਸਿਟੀ ਦੀ ਹੁਸੀਨ ਦਿਲਕਸ਼ੀ ਨੇ ਤਾਂ ਗੋਮਤੀ ਨੂੰ ਵੀ ਜਿਵੇਂ ਮੁਟਿਆਰ ਬਣਾ ਦਿਤਾ ਹੋਵੇ। ਹਰ ਵੇਲੇ ਉਹਦੇ ਪਾਣੀਆਂ 'ਚ ਸੁੰਦਰ ਤੇ ਸੁਖਾਵੇਂ ਮੁਖੜਿਆਂ ਦੇ ਹਾਸੇ ਗੂੰਜਦੇ ਨੇ, ਸ਼ਰਮੀਲੇ ਦਿਲਾਂ ਦੀ ਧੜਕਣ ਕੰਬਦੀ ਹੈ, ਅਤੇ ਸੁਦੰਗ ਚਿਹਰਿਆਂ ਦੀ ਮੁਸਕਣੀ ਫੈਲਦੀ ਹੈ।

ਲਖਨਊ ਵਾਲਿਆਂ ਦੀਆਂ ਯਾਦਾਂ ਗੋਮਤੀ ਵਿਚ ਮਛੀਆਂ ਵਾਂਗ ਧੜਕਦੀਆਂ ਨੇ। ਹਰ ਕੋਈ ਆਪਣੇ ਲਈ, ਉਹਦੇ ਪਾਣੀਆਂ ਕੋਲ, ਇਕ-ਇਕ ਕੋਨਾ ਸੁਰਖਿਅਤ ਕਰੀ ਬੈਠਾ ਹੈ।

ਗੋਮਤੀ ! ਤੇਰੇ ਪਾਣੀਆਂ ਨੂੰ ਸਲਾਮ।

ਲਖਨਊ ਬਾਰੇ ਪ੍ਰਸਿੱਧ ਹੈ ਕਿ ਉਸ ਨੂੰ ਰਾਮ ਚੰਦਰ ਦੇ ਛੋਟੇ ਭਰਾ ਅਤੇ ਰਾਮਾਇਣ ਦੇ ਸੂਰਬੀਰ ਪਾਤਰ ਲਛਮਣ ਨੇ ਵਸਾਇਆ ਸੀ। ਸ਼ਹਿਰ ਦੇ ਵਿਚਕਾਰੇ ਹਾਲੇ ਵੀ ਲਛਮਣ ਟਿੱਲਾ ਇਸ ਗੱਲ ਦੀ ਗਵਾਹੀ ਭਰਦਾ ਹੈ।

'ਪਰ ਹੁਣ ਦਾ ਲਖਨਊ ਤਾਂ ਅਵੱਧ ਦੇ ਨਵਾਬਾਂ ਦੀਆਂ ਰੌਸ਼ਨੀਆਂ ਦਾ ਕਮਾਲ ਹੈ।'

'ਤਾਂ ਵਾਜਿਦ ਅਲੀ ਸ਼ਾਹ ਇਥੋਂ ਦਾ ਹੀ ਨਵਾਬ ਸੀ ?'

'ਹੁਣ ਇਹ ਗੱਲ ਨਾ ਛੇੜੋ। ਲਖਨਊ ਦਾ ਇਤਿਹਾਸ ਫੇਰ ਜ਼ਖਮੀ ਹੋ ਜਾਵੇਗਾ।'

ਕੀ ਇਤਿਹਾਸ ਕੌਮਾਂ ਦੇ ਜ਼ਖਮੀ ਪੰਨਿਆਂ ਦਾ ਹੀ ਨਾਂ ਤਾਂ ਨਹੀਂ ?'

ਸ਼ਾਹਜਹਾਂਪੁਰ ਅਤੇ ਖੇੜੀ ਤੋਂ ਲੈ ਕੇ ਬਾਰਾਬਾਂਕੀ, ਸੁਲਤਾਨਪੁਰ, ਜੌਨਪੁਰ ਅਤੇ ਗਾਜ਼ੀਪੁਰ ਤਕ-ਗੋਮਤੀ ਦੇ ਪਾਣੀਆਂ ਦੁਆਲੇ ਦੇ ਲੋਕਾਂ ਦਾ ਸੂਰਮਿਆਂ ਵਾਲਾ ਇਤਿ-ਹਾਸ ਅਜ ਵੀ ਗੋਮਤੀ ਦੇ ਪਾਣੀਆਂ ਵਿਚੋਂ ਪਛਾਣਿਆਂ ਜਾ ਸਕਦਾ ਹੈ।

ਸੁਲਤਾਨਪੁਰ ਨੇ ਮਜਰੂਹ ਨੂੰ ਸਿਰਜਿਆ ਤਾਂ ਜੌਨਪੁਰ ਨੇ ਅਸਰ ਜੌਨਪੁਰੀ ਨੂੰ। ਗੋਮਤੀ ਦੇ ਕਿਨਾਰਿਆਂ ਦੁਆਲੇ ਜਿਸ ਤਰ੍ਹਾਂ ਹੁਸਨ, ਇਸ਼ਕ ਅਤੇ ਸ਼ਾਇਰੀ ਦੇ ਬਾਗ ਬਗੀਚੇ ਵਧੇ ਫੁੱਲੇ ਤੇ ਪ੍ਰਵਾਨ ਚੜੇ ਨੇ, ਉਨ੍ਹਾਂ ਦੇ ਰੰਗ ਰੂਪ ਦਾ ਇਤਿਹਾਸ ਕੌਣ ਲਿਖੇਗਾ।

ਗੋਮਤੀ ਇਕ ਗਜ਼ਲ ਹੈ ਅਤੇ ਉਸ ਦੀ ਹਰੇਕ ਲਹਿਰ। ਇਕ-ਇਕ ਸ਼ਿਅਰ।

ਰਾਮਾਇਣ ਕਾਲ ਵਿਚ ਗੋਮਤੀ ਕੋਸਲ ਦੇਸ਼ ਦੀ ਸੀਮਾ ਦੇ ਬਾਹਰ ਸੀ ਅਤੇ ਬਾਲਮੀਕੀ ਜੀ ਨੇ ਗੋਮਤੀ ਨੂੰ ਸੀਤਲਜਲ ਵਾਲੀ ਤੇ ਸਾਗਰ ਗਾਮਿਨੀ ਨਦੀ ਕਿਹਾ ਹੈ ਕਿਉਂਕਿ ਇਹ ਗੰਗਾ ਨਾਲ ਮਿਲਕੇ ਸਮੁੰਦਰ 'ਚ ਹੀ ਡਿਗਦੀ। ਭਗਵਾਨ ਰਾਮ ਵੀ ਬਨਵਾਸ ਵੇਲੇ ਪਹਿਲੀ ਰਾਤ ਤਮਸਾ ਕੋਲ ਰਹਿ ਕੇ ਅਗਲੇ ਦਿਨ ਗੋਮਤੀ ਅਤੇ ਉਸਦੀ ਸਹਾਇਕ ਨਦੀ ਸਈ ਤੋਂ ਪਾਰ ਲੰਘੇ ਸਨ। ਇਸ ਹਕੀਕਤ ਦੀ ਗਵਾਹੀ ਤੁਲਸੀਦਾਸ ਜੀ ਵੀ ਦਿੰਦੇ ਹਨ।

ਤਮਸਾ ਪ੍ਰਥਮ ਦਿਵਸ ਕਰਿਵਾਸੂ
ਦੂਸਰ ਗੋਮਤੀ ਤੀਰ ਨਿਵਾਸੂ

ਮੇਰੀ ਸਸ ਮੈਨੂੰ ਦਸਿਆ ਕਰਦੀ ਸੀ ਕਿ ਵਿਸ਼ਣੂ ਪੁਰਾਣ ਵਿਚ ਗੋਮਤੀ ਤਟ ਨੂੰ ਪਵਿਤਰ ਕਿਹਾ ਗਿਆ ਹੈ ਅਤੇ ਉਹ ਤਪੱਸਵੀਆਂ ਲਈ ਬੜੀ ਮਨਭਾਉਂਦੀ ਜਲਧਾਰਾ



Sri Satguru Jagjit Singh Ji Elibrary NamdhariElibrary@gmail.com

ਹੈ। ਪੀਲੀ ਭੀਤ ਤੋਂ ਲੈ ਕੇ ਜੌਨਪੁਰ ਤੱਕ ਦਾ ਇਲਾਕਾ ਇਸੇ ਕਰਕੇ ਹੀ ਦੇਸ਼ ਵਿਚ ਬੜੇ ਸੂਰਮਿਆਂ ਦਾ ਕੇਂਦਰ ਸਮਝਿਆ ਜਾਂਦਾ ਰਿਹਾ ਹੈ। ਭਗਵਤੀ ਬਾਬੂ ਅਤੇ ਯਸ਼ਪਾਲ ਵੀ ਉਨ੍ਹਾਂ ਵਿਚੋਂ ਹੀ ਨੇ।

ਕਦੀ ਗੋਮਤੀ ਦਾ ਪਾਣੀ ਬੜਾ ਸਾਫ ਸੁਥਰਾ ਵਗਦਾ ਸੀ ਪਰ ਸੁਤੰਤਰਤਾ ਦੇ ਪਹਿਲੇ ਸੰਘਰਸ਼ ਵੇਲੇ ਲੋਕਾਂ ਨੇ ਲਖਨਊ ਦੀ ਆਨ-ਸ਼ਾਨ ਨੂੰ ਕਾਇਮ ਰਖਣ ਲਈ ਏਨਾ ਲਹੂ ਡੋਲਿਆ ਕਿ ਗੋਮਤੀ ਲਹੂ ਦੀ ਹੀ ਨਦੀ ਬਣ ਗਈ।

ਗੋਮਤੀ ਦੇ ਪਾਣੀ ਹਾਲੇ ਤਕ ਵੀ ਸਾਫ ਨਹੀਂ ਹੋਏ। ਗੋਮਤੀ ਨੂੰ ਕੋਈ ਪੁਛੇ, ਸ਼ਹੀਦਾਂ ਦਾ ਵੀ ਕੋਈ ਸੋਗ ਮਨਾਉਂਦਾ ਹੈ ?

ਪਰ ਮੈਨੂੰ ਲਗਦਾ ਹੈ ਕਿ ਜਦੋਂ ਤਕ ਸ਼ਹੀਦਾਂ ਦੇ ਲਹੂ ਦਾ ਇਕ ਵੀ ਕਤਰਾ ਗੋਮਤੀ ਦੀ ਕੁੱਖ ਵਿਚ ਬਾਕੀ ਹੈ ਉਸ ਦੇ ਪਾਣੀ ਦਾ ਰੰਗ ਸਾਫ ਅਤੇ ਦੁਧੀਆ ਨਹੀਂ ਹੋ ਸਕਦਾ। ਗੰਗਾ ਦੀ ਧਾਰ ਨਾਲ ਮਿਲਕੇ ਵੀ ਨਹੀਂ।

ਪਾਣੀ ਆਪਣਾ ਸੁਭਾ ਕਦੋਂ ਬਦਲਦੇ ਨੇ।

ਪਿਛਲੀ ਵਾਰੀ ਜਦੋਂ ਗੋਮਤੀ ਦੇ ਕਿਨਾਰੇ ਖਲੋਤੇ ਸਾਂ ਤਾਂ ਉਸ ਦੇ ਅਤਿ ਤੇਜ਼ ਵਗਦੇ ਗੰਧਲੇ ਪ੍ਰਤੀਤ ਹੁੰਦੇ ਪਾਣੀ ਨੂੰ ਵੇਖਕੇ ਮਹਾਨ ਕ੍ਰਿਸ਼ਣ ਚੰਦਰ ਨੇ ਕਿਹਾ ਸੀ।

'ਕਹਿੰਦੇ ਨੇ ਕਿ ਲਛਮਣ ਗੋਮਤੀ 'ਚ ਡੁਬ ਕੇ ਖੁਦਕਸ਼ੀ ਕਰ ਗਿਆ ਸੀ।'

'ਤੁਸਾਂ ਕਿਥੇ ਪੜਿਐ ?

'ਹਿੰਦੂ ਕਹਿੰਦੇ ਨੇ।'

ਪਲ ਭਰ ਮਗਰੋਂ ਉਹਨੇ ਫੇਰ ਕਿਹਾ।

'ਗੋਮਤੀ ਦੇ ਗੰਧਲੇ ਜਾਪਦੇ ਪਾਣੀ ਨੂੰ ਵੇਖਕੇ ਤਾਂ ਮੇਰਾ ਵੀ ਜੀਅ ਕਰਦਾ ਹੈ ਕਿ ਖੁਦਕਸ਼ੀ ਕਰ ਜਾਵਾਂ। ਲਖਨਊ ਵਾਲੇ ਪਤਾ ਨਹੀਂ ਕਿਵੇਂ ਜੀਊਂਦੇ ਨੇ ?'

ਕ੍ਰਿਸ਼ਣ ਚੰਦਰ ਬੜਾ ਵੱਡਾ ਵਿਅੰਗ ਲੇਖਕ ਸੀ, ਪਰ ਮੈਨੂੰ ਇਹ ਵੀ ਪਤਾ ਹੈ। ਕਿ ਉਹਨੂੰ ਗੋਮਤੀ ਨਾਲ ਦਰਿਆ ਜੇਹਲਮ ਵਾਂਗ ਹੀ ਇਸ਼ਕ ਸੀ।

ਲਖਨਊ ਦੀ ਹਿੱਕ ਵਿਚ ਜਿਸ ਹਿੰਦੁਸਤਾਨੀ ਸੰਸਕ੍ਰਿਤੀ ਨੇ ਜਨਮ ਲਿਆ ਤੇ ਵਿਕਾਸ ਕੀਤਾ, ਉਸ ਨੂੰ ਵਿਦੇਸ਼ੀ ਧਾੜਵੀ ਵੀ ਨਹੀਂ ਤਬਾਹ ਕਰ ਸਕੇ।

ਜਦੋਂ ਤਕ ਲਖਨਊ ਦੇ ਲੋਕ ਜੀਊਂਦੇ ਨੇ, ਸੰਸਕ੍ਰਿਤੀ ਕਿਵੇਂ ਮਰ ਸਕਦੀ ਹੈ ?

ਜਦੋਂ ਤਕ ਬੇਗਮ ਅਖਤਰ ਦਾ ਸੰਗੀਤ ਜੀਊਂਦਾ ਹੈ, ਲਖਨਊ ਕਿਵੇਂ ਮਰ ਸਕਦਾ ਹੈ।

ਜਦੋਂ ਤਕ ਗੋਮਤੀ ਦੀਆਂ ਲਹਿਰਾਂ ਰਵਾਂ ਦਵਾਂ ਨੇ ਉਦੋਂ ਤਕ ਬੇਗਮ ਅਖਤਰ ਦੇ ਸੰਗੀਤ ਦੀਆਂ ਸੁਰਾਂ ਨੂੰ ਕਾਹਦਾ ਖਤਰਾ ਹੈ ?

ਗੋਮਤੀ ਦੇ ਪਾਣੀਆਂ ਵਿਚ ਜਿਹੜਾ ਨਗਮਾ ਗੂੰਜ ਰਿਹਾ ਹੈ, ਮੈਨੂੰ ਉਸ ਵਿਚੋਂ ਸਚਮੁਚ ਹੀ ਬੇਗਮ ਅਖਤਰ ਦੇ ਰਸ ਭਿੰਨੜੇ ਅਤੇ ਰੂਹ ਦੀਆਂ ਗਹਿਰਾਈਆਂ ਤਕ ਲਹਿ ਜਾਣ ਵਾਲੇ ਸੰਗੀਤ ਦੀ ਸੁਰ ਥਿਰਕਦੀ ਸੁਣਾਈ ਦੇ ਰਹੀ ਹੈ।

ਮੋਰੇ ਸਈਆਂ ਉਤਰੇਂਗੇ ਪਾਰ ਨਦੀਆ ਧੀਰੇ ਬਹੋ।
ਸੋਨਾ ਭੀ ਦੂੰਗੀ ਰੂਪਾ ਭੀ ਦੂੰਗੀ
ਮੈਂ ਤੋ ਦੂੰਗੀ ਗਲੇ ਕਾ ਹਾਰ
ਨਦੀਆ ਧੀਰੇ ਬਹੋ।

ਠੁਮਰੀ ਅਤੇ ਦਾਦਰਾ ਨੂੰ ਜਿਸ ਤਰ੍ਹਾਂ ਇਕ ਵਖਰੇ ਤੇ ਵਿਲਖਣ ਅੰਦਾਜ਼ 'ਚ ਗਾਕੇ ਬੇਗਮ ਅਖਤਰ ਨੇ ਦੁਨੀਆਂ ਦੇ ਲੋਕਾਂ ਦਾ ਮਨ ਮੋਹਿਆ, ਉਹ ਬਾਕਮਾਲ ਹੈ। ਉਸ ਦੀ ਕੋਈ ਮਿਸਾਲ ਹੀ ਨਹੀਂ।

ਕੀ ਉਸ ਦੇ ਸੰਗੀਤ ਦੀਆਂ ਥਿਰਕਣ ਭਰੀਆਂ ਸੁਰਾਂ ਨੇ ਗੋਮਤੀ ਦੇ ਪਾਣੀਆਂ ਕੋਲੋਂ ਰਵਾਨੀ ਲਈ ਸੀ ?

ਮੈਨੂੰ ਤਾਂ ਬੇਗਮ ਅਖਤਰ ਵੀ ਗੋਮਤੀ ਦੀ ਹੀ ਇਕ ਨਿਰੰਤਰ ਲਹਿਰ ਪ੍ਰਤੀਤ ਹੁੰਦੀ ਹੈ। ਅਨੰਤ ਕਾਲਾਂ ਤੋਂ ਸੁਰਤਾਲ 'ਚ ਢਲੀ ਹੋਈ। ਮਹਿਕ ਭਰਪੂਰ।

ਗੋਮਤੀ ਦੀਆਂ ਲਹਿਰਾਂ ਦੇ ਸੰਗੀਤ ਕਰਕੇ ਹੀ ਲਖਨਊ ਵਿਚ ਸੰਗੀਤ ਦੀ ਯੂਨੀਵਰਸਿਟੀ ਕਾਇਮ ਹੈ।

ਯਸ਼ਪਾਲ ਨੂੰ ਤਾਂ ਹਾਲੇ ਵੀ ਅਸੀਂ ਕਿਸੇ ਨਾ ਕਿਸੇ ਚੌਰਾਹੇ 'ਚ ਵੇਖ ਸਕਦੇ ਹਾਂ।

ਭਗਵਤੀ ਚਰਣ ਵਰਮਾ ਦੀਆਂ ਸਾਹਿਤਕ ਮਹਿਫਲਾਂ ਦਾ ਕੀ ਜਵਾਬ ? (ਸਚਮੁਚ 'ਹਮ ਫਿਦਾਏ ਲਖਨਊ।')

ਸੁਤੰਤਰਤਾ ਮਗਰੋਂ ਸ਼ਾਇਦ ਹੁਣ ਤਾਂ ਲਖਨਊ ਵਿਚ ਕੋਠੇ ਵਾਲੀਆਂ ਨਹੀਂ ਹੋਣੀਆਂ। ਅਮਰਾਉ ਜਾਨ ਅਦਾ ਦੀ ਹਿਕ ਵਿਚ ਵੀ ਤਾਂ ਲਖਨਊ ਧੜਕਦਾ ਸੀ।

ਲਖਨਊ ਦੀ ਜ਼ਿੰਦਗੀ ਕਦੀ ਨਹੀਂ ਖਲੋਂਦੀ ਅਤੇ ਗੋਮਤੀ ਵੀ ਨਹੀਂ। ਬਾਰਾਬੰਕੀ, ਸੁਲਤਾਨਪੁਰ ਅਤੇ ਜੌਨਪੁਰ ਕੋਲੋਂ ਦੀ ਹੋਰ ਅਗੇ ਵਧ ਕੇ ਵਾਰਾਨਸੀ ਵਲਦੀ ਹੁੰਦੀ ਹੋਈ ਗੋਮਤੀ ੬੦੦ ਕਿਲਮੀਟਰ ਦਾ ਫਾਸਲਾ, ਬੜੀ ਹੀ ਕਾਹਲੀ ਨਾਲ ਤਹਿ ਕਰਕੇ ਸੈਦਪੁਰ ਵਿਖੇ ਗੰਗਾ ਦੇ ਅੰਗ ਜਾ ਲਗਦੀ ਹੈ।

ਗੋਮਤੀ ਵਾਂਗ ਹੀ ਇਕ ਹੋਰ ਨਦੀ ਸਾਈ ਜੋ ਕਿ ਪ੫੦ ਕਿਲੋਮੀਟਰ ਤਕ ਇਹਦੇ ਬਰਾਬਰ-ਬਰਾਬਰ ਚਲ ਰਹੀ ਸੀ ਅੰਤ ਨੂੰ ਜੌਨਪੁਰ ਤੋਂ ਥੱਲੇ ਜਾਂਦੇ ਇਹਦੇ ਪਾਣੀਆਂ ਨਾਲ ਹੀ ਮਿਲ ਗਈ। ਜੌਨਪੁਰ ਦਾ ਸ਼ਾਹੀ ਪੁਲ ਹੁਣ ਗੋਮਤੀ ਲਈ ਸੰਗਲ ਪ੍ਰਤੀਤ ਹੁੰਦਾ ਹੈ।

ਜਿਸ ਗੋਮਤੀ ਨੂੰ ਮਿਲਣ ਲਈ ਗਿਆ ਸਾਂ, ਉਹਦਾ ਚੇਤਾ ਹੀ ਵਿਸਰ ਗਿਆ। ਆਪਣੇ ਪਿੰਡ ਦੀ ਕੁੜੀ ਦੇ ਘਰ ਖਾਲੀ ਹੱਥ ਕਿਵੇਂ ਜਾਂਦਾ ? ਪਰ ਗੋਮਤੀ ਨਦੀ ਨੇ ਤਾਂ ਮੈਨੂੰ ਕੋਈ ਮਿਹਣਾ ਨਹੀਂ ਸੀ ਦੇਣਾ। ਉਹ ਤਾਂ ਲੋੜ ਪੈਣ ਤੇ, ਮੈਨੂੰ ਆਪਣੀ ਗੋਦ ਵਿਚ ਵੀ ਲੁਕਾ ਸਕਦੀ ਸੀ।

ਧੁੰਦਲੀ ਸ਼ਾਮ 'ਚ ਲਖਨਊ ਸ਼ਹਿਰ ਦੀਆਂ ਰੌਸ਼ਨੀਆਂ ਗੋਮਤੀ ਵਿਚ ਵੀ ਜਗ ਪਈਆਂ ਸਨ, ਅਤੇ ਮੈਨੂੰ ਸਤਿਆਰਥੀ ਦੀ ਸਤਰ ਚੇਤੇ ਆ ਰਹੀ ਸੀ।

'ਨਾ ਲਖਨਊ ਕਿਸੇ ਸ਼ਹਿਰ ਦਾ ਨਾਂ ਏ, ਨਾ ਗੋਮਤੀ ਕਿਸੇ ਨਦੀ ਦਾ। ਲਖਨਊ ਇਕ ਮਾਹੌਲ ਏ, ਗੋਮਤੀ ਇਕ ਕੈਫੀਅਤ।'

ਕੀ ਇਹ ਠੀਕ ਨਹੀਂ ?



Sri Satguru Jagjit Singh Ji Elibrary NamdhariElibrary@gmail.com

# ਬੁਝਿਆ ਦੀਵਾ

**ਖ਼ਾਲਿਦ ਹੁਸੈਨ**

'ਯਾ ਰੱਬਾ! ਮੈਂ ਕਿਹੜੇ ਗੁਨਾਹ ਕੀਤੇ ਸਨ ਕਿ ਇਨ੍ਹਾਂ ਪਹਾੜਾਂ ਵਿਚ ਆ ਸੁੱਟਿਆ ਈ। ਰਸਤਾ ਹੈ ਕਿ ਮੁੱਕਣ ਵਿਚ ਹੀ ਨਹੀਂ ਆਉਂਦਾ। ਅਸੀਂ ਹੋਏ ਸ਼ਹਿਰੀ ਬਾਬੂ, ਜੋ ਅੱਧਾ ਕਿਲੋਮੀਟਰ ਦਾ ਵੀ ਸਫਰ ਕਰਨਾ ਹੋਵੇ ਤਾਂ ਸਕੂਟਰ, ਰਿਕਸ਼ਾ ਜਾਂ ਟੈਕਸੀ ਬਗੈਰ ਕਦਮ ਨਹੀਂ ਚੁੱਕਦੇ, ਪਰ ਹੁਣ ਤੀਕਰ ਚਾਲੀ ਕਿਲੋਮੀਟਰ ਤੋਂ ਵਧ ਇਹ ਪਹਾੜੀ ਸਫਰ ਪੈਦਲ ਕੀਤਾ ਹੈ ਪਰ ਹਾਲੀਂ ਵੀ ਉਹ ਪਿੰਡ ਨਹੀਂ ਆਇਆ ਜਿਥੇ ਮੇਰੀ ਇਲੈਕਸ਼ਨ ਡਿਊਟੀ ਲੱਗੀ ਏ। ਚੀੜ, ਫਲਾਈ, ਸਿੰਬਲ, ਕਮੇਲਾ ਤੇ ਟਾਹਲੀ ਦੇ ਭਰੇ ਜੰਗਲਾਂ ਵਿਚ ਪਗਡੰਡੀ ਪੇਚ ਪਾਉਂਦੇ ਕਾਲੇ ਫਨੀਅਰ ਵਾਂਗੂ ਭੱਜ ਰਹੀ ਏ। ਅਹਿਲੂ, ਪਲਾਸੂ ਤੇ ਬੇਰ ਗੜੀਂ ਨਾਲੋਂ ਆਪਣੇ ਆਸ਼ਕ ਭੌਰਾਂ ਨੂੰ ਮਿਲਣ ਲਈ ਤੜਫ ਰਹੇ ਨੇ। ਦੂਰ ਸਾਹਮਣੇ ਕੇਸਰ ਨਾਗ ਦਾ ਨੀਲਾ ਪਾਣੀ ਸੂਰਜ ਦਾ ਮੂੰਹ ਧੋ ਰਿਹਾ ਏ। ਪੀਰਪੰਚਾਲ ਨੇ ਆਪਣੇ ਸਰੀਰ ਤੇ ਚਾਂਦੀ ਲਿਸ਼ਕਾਈ ਹੋਈ ਏ। ਠੰਢ ਐਨੀ ਏ, ਕਿ ਕਾਂਬੜੀ ਜੰਮ ਜਾਏ। ਪਰ ਸਹਾਰਨ, ਦੋਦਲਾ ਅਤੇ ਲੱਦ ਦੀਆਂ ਢੱਕੀਆਂ ਨੇ ਮੇਰਾ ਸਰੀਰ ਆਕੜਨ ਨਹੀਂ ਦਿਤਾ। ਮੇਰੇ ਸਰੀਰ ਵਿਚੋਂ ਮੁੜ੍ਹਕਾ ਚੋ ਰਿਹਾ ਏ ਤੇ ਮੈਂ ਚਲ ਰਿਹਾ ਹਾਂ—

ਮੈਨੂੰ ਘਰੋਂ ਨਿਕਲੇ ਅੱਜ ਸੱਤ ਦਿਨ ਹੋਏ ਨੇ। ਮੈਨੂੰ ਅਸੰਬਲੀ ਦੇ ਗੁਲਾਬਗੜ੍ਹ ਹਲਕੇ ਵਿਚ ਪੋਲਿੰਗ ਸਟੇਸ਼ਨ ਨੰਬਰ ੨੯ ਦਾ ਪਰਜ਼ਾਈਡਿੰਗ ਅਫਸਰ ਲਗਾਇਆ ਗਿਆ ਏ। ਅਰਨਾਸ ਵਿਚ ਰੀਟਰਨਿੰਗ ਅਫਸਰ ਵਲੋਂ ਜ਼ਰੂਰੀ ਹਦਾਇਤਾਂ ਤੇ ਇਲੈਕਸ਼ਨ ਦਾ ਸਾਮਾਨ ਲੈਣ ਮਗਰੋਂ ਮੈਂ ਆਪਣੇ ਪੋਲਿੰਗ ਸਟੇਸ਼ਨ ਬਦੇਲ ਵੱਲ ਤੁਰ ਪਿਆ। ਮਾਹੌਰ ਤੋਂ ਮੇਰੇ ਨਾਲ ਪਿੰਡ ਦਾ ਚੌਕੀਦਾਰ ਤੇ ਦੋ ਪੋਲਿੰਗ ਅਫਸਰ ਵੀ ਰਲ ਗਏ ਸਨ। ਇਹ ਦੋਵੇਂ ਸਕੂਲ ਮਾਸਟਰ ਸਨ। ਇਸੇ ਇਲਾਕੇ ਦੇ ਰਹਿਣ ਵਾਲੇ। ਮੇਰੇ ਪੁੱਛਣ ਤੇ ਉਹ ਆਪਣੇ ਇਲਾਕੇ ਬਾਰੇ ਦਸਣ ਲੱਗੇ।

'ਬਾਬੂ ਜੀ! ਭੁੱਖ ਨੰਗ ਤੇ ਬੀਮਾਰੀ ਸਾਡੇ ਲੋਕਾਂ ਨੂੰ ਵਿਰਸੇ ਵਿਚ ਮਿਲੀ ਹੋਈ ਏ। ਜ਼ਮੀਨ ਦੀ ਫਸਲ ਪਟਵਾਰੀ ਤੋਂ ਲੈ ਕੇ ਤਹਿਸੀਲਦਾਰ ਦੀ ਭੇਟਾ ਚੜ੍ਹ ਜਾਂਦੀ ਏ। ਪਹਿਲਾਂ ਜਗੀਰਦਾਰੀ ਨਿਜ਼ਾਮ ਹੁੰਦਾ ਸੀ ਪਰ ਹੁਣ ਇਥੇ ਤਹਿਸੀਲਦਾਰੀ ਨਿਜ਼ਾਮ ਚਲਦਾ ਏ। ਟਾਂਵੀਂ ਟਾਂਵੀਂ ਕਿਤੇ ਡਿਸਪੈਂਸਰੀ ਵੀ ਮਿਲਦੀ ਏ ਪਰ ਦਵਾਈਆਂ ਬਗੈਰ। ਨੀਮ ਹਕੀਮ ਕੰਮਪੌਂਡਰ ਇਥੇ ਡਾਕਟਰ ਅਖਵਾਂਦੇ ਨੇ। ਜਿਹੜੇ ਕਦੇ ਆਪਣੀ ਡਿਊਟੀ ਤੇ ਹਾਜ਼ਰ ਨਹੀਂ ਹੁੰਦੇ। ਪਰ ਖੁਦਾ-ਨਾ-ਖਾਸਤਾ, ਜੇ ਕਦੇ ਕੋਈ ਕੰਪੌਡਰ ਡਿਸਪੈਂਸਰੀ ਵਿਚ ਮਿਲ ਵੀ ਜਾਵੇ ਤਾਂ ਇਹ ਪਹਿਲੇ ਦਵਾਈ ਦੇਣ ਤੋਂ ਹੀ ਇਨਕਾਰ ਕਰ ਦੇਂਦੇ ਨੇ ਪਰ ਜੇ ਕੋਈ ਘਿਓ, ਕੁੱਕੜ, ਲੋਈ ਜਾਂ ਕੰਬਲ ਇਨ੍ਹਾਂ ਅਖੌਤੀ ਡਾਕਟਰਾਂ ਨੂੰ ਪੇਸ਼ ਕਰੇ ਤਾਂ ਉਹਨਾਂ ਦੇ ਬੀਮਾਰ ਨੂੰ ਇਹ ਅਜਿਹਾ ਟੀਕਾ ਲਗਾਂਦੇ ਨੇ ਕਿ ਸਾਰੀਆਂ ਦੁੱਖ ਤਕਲੀਫਾਂ ਤੋਂ ਛੁਟਕਾਰਾ ਮਿਲ ਜਾਏ। ਦੇਖੋ ਬਾਬੂ ਜੀ, ਇਹ ਕੋਠੇ।' ਉਹ ਰਸਤਾ ਵਿਚ ਬਣੇ ਕੱਚੇ ਕੋਠੇ ਮੈਨੂੰ ਦਸੱਣ ਲਗਾ।

'ਇਕੋ ਹੀ ਕਮਰੇ ਵਿਚ ਸਾਰਾ ਟੱਬਰ ਵੀ ਰਹਿੰਦਾ ਏ ਤੇ ਮਾਲ ਡੰਗਰ ਵੀ। ਤਾਲੀਮ ਨਾ ਹੋਣ ਦੇ ਬਰਾਬਰ। ਲੱਗਭਗ ਸਾਰੀ ਆਬਾਦੀ ਅਨਪੜ੍ਹ ਹੈ। ਬਾਬੂ ਜੀ! ਤਰ ਵਰ੍ਹੇ ਹੋ ਗਏ ਸਾਨੂੰ ਆਜ਼ਾਦ ਹੋਇਆਂ। ਸਾਡੇ ਦੇਸ਼ ਵਿਚ ਜਮਹੂਰੀਅਤ ਏ। ਹਰ ਪੰਜ ਸਾਲਾਂ ਮਗਰੋਂ ਇਥੇ ਚੋਣਾਂ ਹੁੰਦੀਆਂ ਨੇ। ਸਾਡੇ ਆਪਣੇ ਨੁਮਾਇੰਦੇ ਹੁਕੂਮਤ ਚਲਾਂਦੇ ਨੇ। ਪਰ ਇਹ ਭੁੱਖ ਨੰਗ ਤੇ ਬੀਮਾਰੀ ਨੂੰ ਦੂਰ ਕਿਉਂ ਨਹੀਂ ਕਰਦੇ? ਇਨ੍ਹਾਂ ਦੇ ਇਹ ਖੋਖਲੇ ਨਾਅਰੇ ਸਿੱਧੇ ਸਾਧੇ ਲੋਕਾਂ ਨੂੰ ਵਰਗਲਾਣ ਲਈ ਹੀ ਕਿਉਂ ਹੁੰਦੇ ਨੇ। ਕਦੋਂ ਮਿਟੇ ਗਰੀਬੀ। ਅਸੀਂ ਤਾਂ ਗਰੀਬ ਨੂੰ ਹੀ ਮਿਟਦੇ ਵੇਖ ਰਹੇ ਹਾਂ। ਬਾਬੂ ਜੀ! ਦੂਜੇ ਦੇਸ਼ਾਂ ਦੇ ਲੋਕਾਂ



Sri Satguru Jagjit Singh Ji Elibrary NamdhariElibrary@gmail.com

ਨੂੰ ਉਹਨਾਂ ਦਾ ਹੱਕ ਦਿਲਾਣ ਲਈ ਅਰਬਾਂ ਰੁਪਏ ਖ਼ਰਚ ਕਰਨ ਵਾਲੇ ਆਪਣੇ ਲੋਕਾਂ ਨੂੰ ਉਹਨਾਂ ਦਾ ਹੱਕ ਕਦੋਂ ਦੇਣਗੇ। ਸਾਡੇ ਵੋਟ ਤੇ ਸਾਡੀ ਸਾਦਗੀ ਦੇ ਠੇਕੇਦਾਰ...... ਚੜ੍ਹਦਾ ਸੂਰਜ, ਹੱਥ, ਸਾਇਕਲ, ਹਲਧਰ, ਤੇ ਚਰਖਾ। ਚੜ੍ਹਦਾ ਸੂਰਜ... ਤਰੱਕੀ ਦੀ ਨਿਸ਼ਾਨੀ...ਵੋਟ ਚੜ੍ਹਦੇ ਸੂਰਜ ਨੂੰ ਪਾਓ ਤੁਹਾਡੇ ਸਾਰੇ ਮਸਲੇ ਹੱਲ ਹੋਣਗੇ : ਗਾਂਧੀ ਤੇ ਵੱਛਾ—ਗਰੀਬੀ ਮਿਟਾਣ ਤੇ ਦੇਸ਼ ਨੂੰ ਬਚਾਣ ਲਈ ਵੋਟ ਗਾਂਧੀ ਤੇ ਵੱਛੇ ਨੂੰ ਦਿਓ। ਤਾਨਾਸ਼ਾਹੀ ਮਿਟਾਣੀ ਏ... ਹਲਧਰ ਤੇ ਮੋਹਰ ਲਗਾਣੀ ਏ, —ਇਹ ਤਕਰੀਰਾਂ ਸੁਣ ਸੁਣ ਕੇ ਤਾਂ ਸਾਡੇ ਕੰਨ ਪਕ ਗਏ ਨੇ ਪਰ ਨਾ ਹੀ ਸਾਨੂੰ ਇੱਜ਼ਤ ਮਿਲੀ ਹੈ ਤੇ ਨਾ ਹੀ ਸਾਡੀ ਗਰੀਬੀ ਦੂਰ ਹੋਈ ਏ,। 'ਪਰ ਇਹ ਕਿਂਝ ਦੂਰ ਹੋਵੇਗੀ। ਮਾਸਟਰ ਜੀ' ? ਮੈਂ ਪੁਛਿਆ। 'ਬਾਬੂ ਜੀ! ਸਾਨੂੰ ਅਮੀਰ ਗਰੀਬ ਦਾ ਫਰਕ ਮਿਟਾਣ ਲਈ ਕੁਝ ਕਰਨਾ ਪਵੇਗਾ। ਕੋਈ ਵੱਡੀ ਤਬਦੀਲੀ ਲਿਆਣੀ ਪਵੇਗੀ। ਮੇਰਾ ਮਤਲਬ ਹੈ......' ਦੂਜੇ ਮਾਸਟਰ ਨੇ ਉਹਦੀ ਗਲ ਵਿਚੋਂ, ਹੀ ਕੱਟੀ ਤੇ ਬੋਲਿਆ, ਬਾਬੂ ਜੀ, ਸਾਨੂੰ ਇਹ ਸਾਰਾ ਨਿਜ਼ਾਮ ਬਦਲਣਾ ਪਵੇਗਾ। ਸਾਨੂੰ ਇਕ ਨਵਾਂ ਇਨਕਲਾਬ ਲਿਆਣਾ ਪਵੇਗਾ।

'ਪਰ ਇਨਕਲਾਬ ਦੇ ਨਾਅਰੇ ਤਾਂ ਪਹਿਲੇ ਵੀ ਗੂੰਜਦੇ ਸਨ। ਸਮਾਜ ਵਾਦ ਦਾ ਰਸਤਾ ਪਹਿਲਾ ਵੀ ਦਸਿਆ ਜਾਂਦਾ ਸੀ। ਪਰ ਕੀ ਇਨਕਲਾਬ ਆਇਆ' ? 'ਇਨਕਲਾਬ... ਬਾਬੂ ਜੀ, ਉਦੋਂ ਠੀਕ ਨਹੀਂ ਆ ਸਕਦਾ ਜਦ ਤਕ ਲੋਕੀਂ ਜਿਸਮਾਨੀ ਤੇ ਦਿਮਾਗੀ ਤੌਰ ਤੇ ਤਿਆਰ ਨਹੀਂ ਹੁੰਦੇ। ਉਨ੍ਹਾਂ ਦਾ ਜ਼ਮੀਰ ਨਹੀਂ ਜਾਗਦਾ। ਸਾਨੂੰ ਲੋਕਾਂ ਨੂੰ ਤਿਆਰ ਕਰਨਾ ਪਵੇਗਾ। ਖਰੇ ਖੋਟੇ ਦੀ ਤਮੀਜ਼ ਕਰਨ ਲਈ। ਇਸ ਨਿਜ਼ਾਮ ਦੇ ਖ਼ਿਲਾਫ਼ ਬਗਾਵਤ ਕਰਨ ਲਈ। ਇਸ ਨੇ ਤਾਂ ਹਿਆਤੀ ਨੂੰ ਡਾਢਾ ਔਖਾ ਬਣਾ ਦਿਤਾ ਹੈ। ਅੱਜ ਸਾਰੇ ਦੇਸ਼ ਵਿਚ ਬੇਚੈਨੀ ਫੈਲੀ ਹੋਈ ਹੈ। ਸਿੱਕੇ ਦਾ ਫੈਲਾਓ, ਰੁਪਏ ਦੀ ਕੀਮਤ ਨਾ ਹੋਣ ਦੇ ਬਰਾਬਰ : ਟੈਕਸਾਂ ਤੇ ਟੈਕਸ, ਕੀਮਤਾਂ ਵਿਚ ਅਜ਼ਾਫ਼ੇ ਤੇ ਅਜ਼ਾਫ਼ਾ। ਜ਼ਰੂਰੀ ਚੀਜ਼ਾਂ ਦਾ ਕਾਲ। ਇਹ ਸਭ ਕੁਝ ਇਸ ਗੰਦੇ ਨਿਜ਼ਾਮ ਦੀ ਦੇਣ ਹੈ। ਇਹ ਸਭ ਕੁਝ ਬਦਲਣਾ ਪਵੇਗਾ। ਸਾਡਾ ਇਹ ਸਿਆਸੀ ਨਿਜ਼ਾਮ ਸੌਦੇ ਬਾਜ਼ੀ ਦੀ ਦੇਣ ਹੈ। ਸੌਦੇ ਬਾਜ਼ੀ...ਸਰਮਾਇਆਦਾਰ ਤੇ ਜਮਹੂਰੀਅਤ ਦਾ ਢੋਲ ਪਿਟਣ ਵਾਲਿਆਂ ਵਿਚਕਾਰ। ਸੌਦਾ ਰਹਿ ਹੁੰਦਾ ਹੈ ਗਰੀਬ ਦੇ ਲਹੂ ਨੂੰ ਨਿਚੋੜਨ ਦਾ। ਬਾਬੂ ਜੀ! ਇਹ ਲੋਕੀਂ ਜਮਹੂਰੀਅਤ ਦੇ ਅੰਨ ਦਾਤਾ ਨੇ। ਪਰਜਾਤੰਤਰ ਨੂੰ ਜ਼ਿੰਦਾ ਰੱਖਣ ਵਾਲੇ ਦੇਵਤਾ ਨੇ। ਇਹ ਇਲੈਕਸ਼ਨਾਂ ਦੇ ਖਰੀਦਾਰ ਨੇ। ਇਹ ਪੈਸਾ ਦਿੰਦੇ ਨੇ ੧੦ ਗੁਣਾ, ੨੦ ਗੁਣਾਂ ਸੂਦ ਤੇ ...ਜਿਹਨੂੰ ਅੱਜ ਕਲ ਚੰਦਾ ਕਹਿੰਦੇ ਨੇ। ਕੁਝ ਵਕਤੀ ਨੌਕਰੀਆਂ, ਕੁਝ ਸਕੂਲ ਤੇ ਕੁਝ ਸੜਕਾਂ ਦੇ ਵਾਅਦੇ ਅਤੇ ਇਲੈਕਸ਼ਨ ਖ਼ਤਮ ਤੇ ਫੇਰ ਜਮਹੂਰੀਅਤ ਜ਼ਿੰਦਾਬਾਦ'।

ਇਹੋ ਗੱਲਾਂ ਕਰਦਿਆਂ ਕਰਦਿਆਂ ਅਸੀਂ ਆਪਣੇ ਪੋਲਿੰਗ ਸਟੇਸ਼ਨ ਪੁਜ ਗਏ। —ਅੱਜ ਪੋਲਿੰਗ ਦਾ ਦਿਨ ਹੈ। ਲੋਕੀਂ ਵੋਟ ਪਾਣ ਆ ਰਹੇ ਨੇ।

'ਪੁਤਰ ? ਹਮ ਕਿਤ ਮੋਹਰ ਲਗਾਵੇਂ' ?

'ਜਿਥੇ ਤੇਰੀ ਮਰਜ਼ੀ ਬਾਬਾ'

'ਹਮ ਨਾ ਕੋ ਪਤੋ। ਤੂੰ ਜਿਤ ਚਾਹਵੇਂ ਬਾਬੂ, ਆ ਲਗਾਈ ਦੇ'

"ਉਹ ਭਰਾਵਾ : ਮੋਹਰ ਵੋਟ ਵਾਲੇ ਕਾਗਜ਼ ਦੇ ਪਿਛਲੇ ਪਾਸੇ ਨਹੀਂ ਲਾਉਣੀ। ਇਹ ਸਾਹਮਣੇ ਜਿਹੜੇ ਚਾਰ ਨਿਸ਼ਾਨ ਲਗ ਰਹੇ ਹਨ ਨਾ, ਇਨ੍ਹਾਂ ਵਿਚੋਂ ਉਥੇ ਲਗਾ ਮੋਹਰ, ਜਿਥੇ ਤੇਰੀ ਮਰਜ਼ੀ ਏ'।

'ਮਾਹਰੀ ਕੇ ਮਰਜ਼ੀ ਸਾਹਿਬ! ਜਿਤ ਜਨਾਬ ਫਰਮਾਵੇ, ਲਗਾ ਦੇਵਾਂਗਾ'।

'ਹਮ ਨਾ ਸਰਪੰਚ ਕਹਿਵੇਂ ਕਿ ਮੋਹਰ ਗਾਂ ਤੇ ਬਛੜੇ ਤੇ ਲਗਾਈਏ। ਕਿਤੇ ਦੇ ਬਾਬੂ ਗਾਂ ਤੇ ਬਛੜੇ। ਦਸੀਏ ਮਿਨਾ ਜਲਦੀ। ਘਰ ਮਾਂ ਮਹੈਂਸ ਰੀਂਗਣਾ ਕਰੇ'।

—ਦੁਨੀਆਂ ਦੀ ਸਭ ਤੋਂ ਵੱਡੀ ਜਮਹੂਰੀਅਤ ਵਿਚ ਚੋਣ ਹੋ ਰਹੀ ਏ। ਲੋਕੀਂ ਵੋਟ ਪਾ ਰਹੇ ਹਨ। ਆਪਣਾ ਕੀਮਤੀ ਵੋਟ—ਆਜ਼ਾਦੀ, ਲੋਕ ਰਾਜ, ਖੁਸ਼ਹਾਲੀ ਦੀ ਨਿਸ਼ਾਨੀ...ਬਾਬੂ ਜੀ ਸਾਨੂੰ ਇਕ ਇਨਕਲਾਬ ਲਿਆਣਾ ਪਵੇਗਾ...ਸਾਨੂੰ ਇਸ ਨਿਜ਼ਾਮ ਦੇ ਖਿਲਾਫ਼ ਬਗਾਵਤ ਕਰਨੀ ਪਵੇਗੀ...'ਤੇ ਮੈਂ ਕੁਰਸੀ ਤੇ ਬੈਠਾ ਆਪਣੀ ਡਿਊਟੀ ਦੇ ਰਿਹਾ ਹਾਂ। ●

ਔਡੀਟਰ ਦਿਹਾਤ ਸੁਧਾਰ,
ਸਿਵਲ ਸੈਕਰੀਟੇਰੀਅਟ, ਜੇ. ਐਡ ਕੇ, ਗਵਰਨਮੈਂਟ ਸ੍ਰੀਨਗਰ



Sri Satguru Jagjit Singh Ji Elibrary NamdhariElibrary@gmail com







Approved By Department of :

AGRICULTURE PUNJAB GOVERNMENT

High Class Manufacturers of :

- QUALITY WHEAT THRASHERS
- MAIZE SHELLERS
- FERTI SEED DRILLS
- AND OTHER AGRICULTURAL IMPLEMENTS

QUALITY MARKED

ਕੁਆਲਟੀ ਮਾਰਕਡ

ਖੇਤੀ ਬਾੜੀ ਦੇ ਵਧੀਆ ਸਾਜ਼ ਸਾਮਾਨ ਬਨਾਉਣ ਵਾਲੇ।

TRADE **JASPAL** MARK

Grams : HABI INDUSTRIES

Phone : 2737

***HABI INDUSTRIES (Regd.)***

10, Industrial Area,

PHAGWAA—144401,



Sri Satguru Jagjit Singh Ji Elibrary NamdhariElibrary@gmail com

# ਦੋ ਗ਼ਜ਼ਲਾਂ

ਪ੍ਰੋ: ਗੁਰਭਜਨ ਗਿੱਲ

ਗੁਆਚੇ ਯਾਰ ਸਾਰੇ ਸ਼ਹਿਰ ਵਿਚ ਕਿਸ ਨੂੰ ਬੁਲਾਵਾਂਗਾ।
ਮੈਂ ਕਿਸਦੇ ਕੋਲ ਜਾ ਕੇ ਆਪਣੀ ਵਿਥਿਆ ਸੁਣਾਵਾਂਗਾ।
ਮੈਂ ਸਾਰੀ ਰਾਤ ਅੱਥਰੇ ਸੁਪਨਿਆਂ ਨੂੰ ਟਾਲਦਾ ਰਹਿਨਾਂ,
ਪਤਾ ਹੈ, ਸਾਂਭ ਕੇ ਇਨ੍ਹਾਂ ਨੂੰ ਮੈਂ ਤਾਂ ਬਿਖਰ ਜਾਵਾਂਗਾ।
ਜੇ ਰਾਤਾਂ ਕਾਲੀਆਂ ਏਦਾਂ ਹੀ ਰਹੀਆਂ ਹੋਰ ਕੁਝ ਰਾਤਾਂ,
ਮੈਂ ਕੀਕਣ ਬਾਲਣੀ ਵਿਚ ਫਲਣ ਵਾਲਾ ਬਿਰਖ ਲਾਵਾਂਗਾ।
ਮੈਂ ਬਚਪਨ ਵਿਚ ਕਦੀ ਜਦ ਬੰਟਿਆਂ ਤੇ ਚੋਟ ਲਾਉਂਦਾ ਸਾਂ,
ਨਹੀਂ ਸਾਂ ਜਾਣਦਾ ਏਦਾਂ ਹੀ ਮੈਂ ਵੀ ਤਿੜਕ ਜਾਵਾਂਗਾ।
ਤੁਸਾਂ ਐਵੇਂ ਹੀ ਤਾੜੀ ਮਾਰ ਕੇ ਨਾ ਗੱਲ ਗੁਆ ਦੇਣੀ,
ਜਦੋਂ ਮੈਂ ਆਪਣੇ ਮੱਥੇ 'ਚ ਖੁਭੇ ਕਿੱਲ ਗਿਣਾਵਾਂਗਾ।
ਗੁਆਚੇ ਚਿਹਰਿਓ! ਆਓ! ਤੁਹਾਨੂੰ ਘਰ ਨੂੰ ਲੈ ਚੱਲਾਂ,
ਨਹੀਂ ਤਾਂ ਆਪ ਵੀ ਮੈਂ ਰੌਲਿਆਂ ਵਿਚ ਗਰਕ ਜਾਵਾਂਗਾ।

0

ਬੜਾ ਚਿਰ ਜੀਅ ਲਿਆ ਮੈਂ ਪਿੰਡ ਦਿਆਂ ਰੁੱਖਾਂ ਤੋਂ ਡਰ ਡਰ ਕੇ।
ਪਤਾ ਨਹੀਂ ਕਿੰਜ ਸਾਂ ਜਿਉਂਦਾ ਅਨੇਕਾਂ ਵਾਰ ਮਰ ਮਰ ਕੇ।
ਕਿਸੇ ਨੂੰ ਕੀ ਪਤਾ ਸੀ ਮਘ ਪਵੇਗੀ ਰਾਖ ਚੋਂ ਏਦਾਂ,
ਜੋ ਆਪਾਂ ਮਾਰ ਦਿੱਤੀ ਅੱਗ ਬਰਫ਼ਾਂ ਹੇਠ ਧਰ ਧਰ ਕੇ।
ਇਹ ਦਿਲ ਦਰਿਆ ਨਹੀਂ ਸੀ, ਨਹਿਰ ਵੀ ਲਹਿਰਾਂ ਵਿਹੂਣੀ ਸੀ,
ਇਹ ਜਾਦੂ ਮੇਲ ਦਾ ਕਿ ਵਗ ਰਿਹਾ ਕੰਢਿਆਂ ਤੋਂ ਖਰ ਖਰ ਕੇ।
ਤੂੰ ਜਿਸ ਦਿਨ ਮੇਰਿਆਂ ਹੋਠਾਂ ਤੋਂ ਮੇਰੀ ਬਾਤ ਖੋਹੀ ਸੀ,
ਮੈਂ ਉਸ ਦਿਨ ਬਹੁਤ ਰੋਇਆ, ਆਪਣੇ ਪਰਛਾਵੇਂ ਤੋਂ ਡਰ ਡਰ ਕੇ।
ਮੈਂ ਤੈਥੋਂ ਵਿਛੜ ਕੇ ਸਮਝਾਂ, ਜਿਵੇਂ ਮੈਂ ਬਹੁਤ ਭਟਕਾਂਗਾ।
ਮੈਂ ਦਿਲ ਨੂੰ ਸਾਂਭਨਾਂ ਵਾਂ, ਤੇਰੀਆਂ ਗੱਲਾਂ ਨੂੰ ਕਰ ਕਰ ਕੇ।
ਇਹ ਮੇਰਾ ਸੀਸ ਐਵੇਂ ਦਰ-ਬਦਰ ਨਹੀਂ ਭਟਕਦਾ ਫਿਰਦਾ,
ਇਹ ਝੁਕਿਆ, ਜਦ ਵੀ ਝੁਕਿਆ ਸਿਰਫ਼ ਝੁਕਿਆ ਤੇਰੇ ਘਰ ਕਰਕੇ।

ਲਾਜਪਤ ਰਾਏ ਮੈਮੋਰੀਅਲ ਕਾਲਜ
ਜਗਰਾਓਂ



Sri Satguru Jagjit Singh Ji Elibrary NamdhariElibrary@gmail.com

## ਗ਼ਜ਼ਲ

(ਤਰਲੋਕ ਮਨਸੂਰ)

ਤਪਦਾ ਸਹਿਰਾ ਮਨ ਦਾ, ਖੋਹਰਾਂ ਦੇ ਸਾਏ ਹਨ।
ਕਿਕਰਾਂ ਦੇ ਕੰਡੇ ਤਿੱਖੇ, ਹਿਸੇ ਅਸਾਡੇ ਆਏ ਹਨ।
ਆਵੇ, ਕਦੀ ਯਾਦ ਮਿਠੀ ਆਵੇ,ਰਕੀਏ ਅਤੀਤ ਵਲ,
ਨੂਹਿਆਂ ਦੇ ਡੰਗ ਜ਼ਹਿਰੀ, ਯਾਦਾਂ ਤੇ ਛਾਏ ਹਨ।
ਸੁਪਨਾ ਬਹਾਰ ਦਾ ਸੀ, ਇਸ ਦਿਲ ਨੂੰ ਠਾਰਦਾ ਸੀ,
ਆ ਕੇ ਬਹਾਰ ਨੇ ਵੀ, ਸੋਚਾਂ ਦੇ ਪਰ ਜਲਾਏ ਹਨ।
ਮੰਦਰ ਦੀ ਛਾਂ ਹੇਠਾਂ, ਗੁਰੂਆਂ ਦੇ ਨਾਂਅ ਹੇਠਾਂ,
ਦਿਨ ਦੀਵੀਂ ਲੁਟ ਲੈਂਦੇ, ਸਾਡੇ ਹਮਸਾਏ ਹਨ।
ਅਸਾਂ, ਨਾਭੀ ਚ ਘੁਟ ਲਿਆ ਹੈ, ਆਪਣੀ ਸੁਗੰਧ ਨੂੰ,
ਇਹ ਦਾਤ ਕਿਸ ਨੂੰ ਦੇਵੀਏ ? ਸਭੇ ਪਰਾਏ ਹਨ।

ਡਾਕ ਖਾਨਾ ਹਰੀਪੁਰ ਨਾਇਕ
ਜ਼ਿਲਾ ਨੈਣੀਤਾਲ ਯੂ. ਪੀ

---

## ਕਵਿਤਾ

ਚਰਨਜੀਤ ਸਿੰਘ

ਕੌਣ ਜਾਣਦਾ ਹੈ !
ਮੇਰੇ ਅੰਦਰਲੇ ਦਰਦ ਦੇ ਸਾਗਰ ਨੂੰ
ਕਿੰਝ ਉਦਾਸ ਭਾਵ
ਲਹਿਰਾਂ ਬਣ ਤਰਦੇ ਤੇ ਡੁਬਦੇ ਹਨ
ਧੁੰਦ ਜਹੀ ਫੈਲਦੀ ਹੈ—ਚੁੰਹ ਕੁਟੀ ਹੀ
ਪਤਿਆਂ ਵ ਗ ਕੁਝ ਝੜਦਾ ਤੇ ਡਿਗਦਾ ਹੈ
ਕੰਢੇ ਤੇ ਪਏ ਪਥੱਰ ਤੇ ਬੈਠੀ ਰੂਹ—
ਜਦ ਚਿੰਤਾਂ ਦੀਆਂ ਪਰਤਾਂ ਵਿਚ ਲਹਿੰਦੀ ਹੈ
ਤਾਂ ਦਿਲ ਦੇ ਜ਼ਖਮ ਖਿੜਦੇ
ਗੀਤ ਜਾਂ ਨਜ਼ਮ ਬਣਦੇ ਹਨ।

156 Parper Gunj
Delhi-92

---

## ਗ਼ਜ਼ਲ

ਹਜ਼ਾਰਾ ਸਿੰਘ ਮੁਸ਼ਤਾਕ

ਹਾਲੇ ਵੀ ਮੇਰਿਆਂ ਸਾਹਾਂ ਵਿਚ ਖੁਸ਼ਬੂ ਹੈ ਤੇਰਿਆਂ ਸਾਹਾਂ ਦੀ।
ਰੁਗ ਭਰੇ ਕਲੇਜੇ ਮੇਰੇ ਨੂੰ ਚੁੰਬਕ ਓਹ ਤੇਰੀਆਂ ਬਾਹਾਂ ਦੀ।
ਅਥਰੇ ਮਾਰੂ ਤੂਫਾਨ ਦੀਆਂ ਛੱਲਾਂ ਚੋਂ ਬਚਕੇ ਨਿਕਲ ਗਏ।
ਕੰਢੇ ਤੇ ਬੇੜੀ ਡੋਬੀ ਏ, ਬੇੜੀ ਡੁਬ ਗਈ ਮਲਾਹਾਂ ਦੀ।
ਵਾਅਜ਼ ! ਤੂੰ ਲੁਕ ਕੇ ਪੀਂਦਾ ਏ, ਮੈਂ ਪੀਂਦਾ ਹਾਂ ਪਰ ਲੁਕਦਾ ਨਹੀਂ।
ਰੱਬ ਦੀ ਬਖਸ਼ਿਸ਼ ਦੇ ਸਿਰ ਤੇ ਮੈਂ ਚੁੱਕੀ ਹੈ ਪੰਡ ਗੁਨਾਹਾਂ ਦੀ।
ਮੇਰੇ ਇਸ ਇਸ਼ਕ ਰਬਾਨੀ ਨੂੰ ਤੂੰ ਫੱਜ ਵਿਚ ਪਾ ਕੇ ਛੱਟਿਆ ਏ,
ਮੈਂ ਤੇਰੇ ਖਾਕੀ ਹੁਸਨ ਲਈ ਮਿਟੀ ਛਾਣੀ ਏ ਰਾਹਾਂ ਦੀ।
ਤੇਰੀ ਤੇ ਜਵਾਨੀ ਢਲ ਗਈ ਏ ਪਰ ਮੇਰੀ ਜਵਾਨੀ ਕਾਇਮ ਹੈ,
ਤੂੰ ਮੁੜਕੇ ਮੁੜਕੀ ਹੋਇਆ ਏਂ ਗਰਮੀ ਹੈ ਮੇਰੀਆਂ ਆਹਾਂ ਦੀ।
ਦੁਨੀਆਂ ਗੱਲਾਂ ਵੀ ਜਰਦੀ ਨਹੀਂ ਦੁਨੀਆਂ ਨੇ ਗੱਲਾਂ ਜੋੜ ਲਈਆਂ।
ਹਾਲੇ ਕੋਈ ਗੱਲ ਵੀ ਬਣੀ ਨਹੀ ਸੀ ਹਾਲੇ ਸੀ ਗਲ ਸਲਾਹਾਂ ਦੀ।
ਕੁਝ ਦਾਲ 'ਚ ਕਾਲਾ ਕਾਲਾ ਹੈ, ਕਿਉਂ ਦਾਲ ਕਿਸੇ ਦੀ ਗਲਦੀ ਨਹੀਂ।
ਉਹ ਮੁਨਸਫ ਦਿਲ ਦੀਆਂ ਬੁਝਦਾ ਏ, ਇਸ ਨੂੰ ਨਹੀਂ, ਲੋੜ ਗਵਾਹਾਂ ਦੀ।
ਗੈਰਤ ਹੀ ਰਾਸ ਹੈ ਜੀਵਨ ਦੀ ਗੈਰਤ ਬਿਨ ਜੀਵਨ ਰਾਸ ਨਹੀ।
ਮੈਂ ਆਪਣੇ ਦਿਲ ਦਾ ਰਾਜਾ ਹਾਂ ਕਾਹਦੀ ਮੁਹਤਾਜੀ ਸ਼ਾਹਾਂ ਦੀ।
ਉਸ ਕਾਲਿਆਂ ਨੈਣਾਂ ਵਾਲੇ ਨੇ ਘੁੰਡ ਚੋਂ ਮੁਸਕਾ ਤੱਕਿਆ ਸੀ,
ਉਹ ਪਹਿਲੀ ਝਲਕੀ ਚੇਤੇ ਹੈ, ਕਾਤਿਲ ਦੀਆਂ ਸ਼ੋਖ ਨਿਗਾਹਾਂ ਦੀ।
ਜੇ ਤੂੰ ਮੁਸ਼ਤਾਕ ਹੈਂ ਜੀਵਨ ਦਾ, ਮਰਨੇ ਦੀ ਕੁਝ ਪਰਵਾਹ ਨ ਕਰ।
ਜੀਵਨ ਦੀ ਖਾਤਰ ਮਰ ਜਾਣਾ, ਅਜ਼ਮਤ ਹੈ ਬੇਪਰਵਾਹਾਂ ਦੀ।

111-S ਊਧਮ ਸਿੰਘ ਨਗਰ ਜਲੰਧਰ



Sri Satguru Jagjit Singh Ji Elibrary NamdhariElibrary@gmail.com

# ਢੰਡੋਰਾ:-

**ਤੇਗ ਬਹਾਦਰ ਸਿੰਘ 'ਤੇਗ'**

ਐ ! ਮੇਰੇ
ਹਮ ਵਤਨ ਦੋਸਤੋ ।
ਐ ! ਮੇਰੇ
ਹਮ ਵਤਨ ਸਾਥੀਓ ।
ਸਾਥੀਓ ! ਸਾਥੀਓ ! ਸਾਥੀਓ !
ਦੇਸ਼ ਮੇਰਾ
ਦਿਨੋਂ ਦਿਨ
ਨਿੱਘਰਦਾ ਕਿਉਂ ਜਾ ਰਿਹੈ !
ਨਿੱਘਰਦਾ ਕਿਉਂ ਜਾ ਰਿਹੈ ?
ਇਹੋ ਕੁੱਝ ਦੇਖ ਦੇਖ
ਮਨ ਘਬਰਾ ਰਿਹੈ ।
ਸੋਚਦਾ ਹਾਂ
ਦੇਸ਼ ਦਾ ਕੀ
ਬਣੂ ਮੇਰੇ ਸਾਥੀਓ ?
ਐ ! ਮੇਰੇ
ਹਮ ਵਤਨ ਦੋਸਤੋ ।
ਐ ! ਮੇਰੇ
ਹਮ ਵਤਨ ਸਾਥੀਓ ।
ਬੁੱਤ ਸ਼ਹੀਦਾਂ ਦੇ ਕਿਉਂ
ਚੌਕਾਂ 'ਚ ਲਾਏ ਜਾ ਰਹੇ !
ਕਿਉਂ ਸ਼ਹਾਦਤ ਦੇ ਉਨ੍ਹਾਂ
ਹਾਸੇ ਉਡਾਏ ਜਾ ਰਹੇ !
ਐ ! ਗਾਂਧੀ ਦਿਓ ਵਾਰਸੋ
ਨਹਿਰੂ ਦੇ ਜਾ ਨਸ਼ੀਨੋ
ਕਿਉਂ ! ਤੁਸੀਂ
ਮਾਦਾ ਪ੍ਰਸਤ
ਅੱਜ ਹੁੰਦੇ ਜਾ ਰਹੇ !
ਵਤਨ ਪ੍ਰਸਤੀ ਨੂੰ ਕਿਉਂ
ਆਪ ਲਾਂਬੂ ਲਾ ਰਹੇ !
ਦੇਖੋ ਅੱਖਾਂ ਖੋਲ੍ਹਕੇ
ਕੀ ਹਾਲਾਤ ਹੁੰਦੇ ਜਾ ਰਹੇ !
ਕੀ !
ਮੁੜਕੇ ਫੇਰ
ਇਤਿਹਾਸ ਨੂੰ
ਦੁਹਰਾਉਣੇ ਮੇਰੇ ਸਾਥੀਓ ?
ਐ ! ਮੇਰੇ
ਹਮ ਵਤਨ ਸਾਥੀਓ !
ਹੋਸ਼ ਕਰੋ !
ਅੱਜ ਦਿਉ, ਹਾਕਮੋ
ਕੁੱਝ ਤਾਂ ਹੋਸ਼ ਕਰੋ ।
ਦੇਸ਼ ਦਾ ਕਿਉਂ, ਬੇੜਾ
ਅੱਜ ਗਰਕ ਹੁੰਦਾ ਜਾ ਰਿਹੈ ?
'ਸਮਰਾਲਵੀ'
ਇਹ ਦੇਖ ਦੇਖ
ਅੱਜ ਕਿਉਂ ਘਬਰਾ ਰਿਹੈ ?
ਸੋਚਦਾ ਹੈ
ਦੇਸ਼ ਦਾ ਕੀ
ਬਣੂ ਮੇਰੇ ਸਾਥੀਓ ?
ਐ ! ਮੇਰੇ
ਹਮ ਵਤਨ ਦੋਸਤੋ ।
ਐ ! ਮੇਰੇ
ਹਮ ਵਤਨ ਸਾਥੀਓ ।
ਕੀ ! ਕੌਮ ਥੋਡੇ ਮੂੰਹ ਉੱਤੇ
ਥੁੱਕਾਂ ਨਹੀਂ ਪਾਏਗੀ !
ਖੋ ਕੇ ਸਾਰੀ ਸ਼ਾਨ ਸ਼ੌਕਤ
ਕੀ ! ਹੋਸ਼ ਥੋਨੂੰ ਆਏਗੀ ?
ਏਸੇ ਲਈ,
'ਤੇਗ' ਯਾਰੋ
ਰੌਲੀ ਅੱਜ ਪਾ ਰਿਹੈ ।
ਹੋਸ਼ ਕਰੋ ! ਹੋਸ਼ ਕਰੋ !! ਹੋਸ਼ ਕਰੋ ਸਾਥੀਓ !!!
ਮਿੰਨਤਾਂ ਦੇ ਨਾਲ 'ਤੇਗ'
ਥੋਨੂੰ ਸਮਝਾ ਰਿਹੈ ।
ਐ ! ਮੇਰੇ
ਹਮ ਵਤਨ ਦੋਸਤੋ ।
ਐ ! ਮੇਰੇ
ਹਮ ਵਤਨ ਸਾਥੀਓ ।
ਸਾਥੀਓ ! ਸਾਥੀਓ !! ਸਾਥੀਓ !!!

— 0 —



Sri Satguru Jagjit Singh Ji Elibrary NamdhariElibrary@gmail.com

# "ਰੱਬ"

ਤਰਲੋਕ ਮਨਸੂਰ

ਰੱਬ ਹੈ ਕਿ ਨਹੀਂ ?

ਕੁਝ ਲੋਕ ਆਖਦੇ ਹਨ। ਰੱਬ ਹੈ।

ਕੁਝ ਕਹਿੰਦੇ ਨੇ—ਨਹੀਂ ਹੈ।

ਕੁਝ ਪਤਾ ਨਹੀਂ ਲਗਦਾ......

ਇਕ ਸਿਆਣੇ ਇਹ ਵੀ ਕਿਹਾ ਸੀ ਕਿ ਜੇ ਰੱਬ ਨਹੀਂ ਵੀ, ਤਾਵੀਂ ਦੁਨੀਆ ਦੇ ਪ੍ਰਬੰਧ ਨੂੰ ਚੰਗੀ ਤਰ੍ਹਾਂ ਚਲਾਣ ਲਈ ਸਾਨੂੰ ਇਕ ਅਖੌਤੀ ਰੱਬ ਮਿਥ ਲੈਣਾ ਚਾਹੀਦਾ ਹੈ।

ਮੇਰਾ ਖਿਆਲ ?

ਮੇਰੇ ਖਿਆਲ ਵਿਚ ਤਾਂ ਰੱਬ ਹੈ।

ਪੈਨਸਲ, ਕਾਪੀ, ਮੰਜੀ, ਕੁਰਸੀ ਘੜੀ ਆਦਿ, ਕੋਈ ਵੀ ਵਸਤੂ ਲੈ ਲਵੋ ਉਸਦਾ ਕੋਈ ਨਾਂ ਕੋਈ ਰਚਨਹਾਰਾ ਤਾਂ ਹੈ ਹੀ, ਫਿਰ ਇਹ ਕਿਵੇਂ ਸੰਭਵ ਹੈ ਕਿ ਏਡੀ ਵਡੀ ਸਰਿਸ਼ਟੀ, ਇਹ ਸਾਰਾ ਪਸਾਰ ਆਪਣੇ ਆਪ ਹੋਂਦ ਵਿਚ ਆ ਗਿਆ ਹੋਵੇ ?

ਅਜ ਦੇ ਵਿਦਵਾਨਾਂ ਨੇ ਦਿਸਦੇ ਤੇ ਅਣ ਦਿਸਦੇ ਦੀ ਖੋਜ ਕੀਤੀ ਹੈ ਤੇ ਵਿਕਾਸ ਦੇ ਸਿਧਾਂਤ ਨੂੰ ਲਭਿਆ ਹੈ। ਏਸੇ ਸਿਧਾਂਤ ਅਨੁਸਾਰ ਪਹਿਲੇ ਪਹਿਲ ਪੁਲਾੜ ਖਾਲੀ ਪਿਆ ਹੋਇਆ ਸੀ। ਨਾਹ ਇਸ ਵਿਚ ਚੰਨ ਤਾਰੇ ਸਨ, ਨਾਂ ਸੂਰਜਾਂ ਦੇ ਝੁਰਮਟ ਨਾ ਹੀ ਕੋਈ ਹੋਰ ਨਖਸ਼ਤਰ। ਸਾਰੇ ਪੁਲਾੜ ਵਿਚ ਇਕ ਗੈਸ ਜਹੀ ਫੈਲੀ ਹੋਈ ਸੀ ਜਿਸ ਨੂੰ ਵਿਗਿਆਨਕਾਂ ਨੇ ਨੈਬੂਲਾ ਦਾ ਨਾਮ ਦਿਤਾ ਹੈ।

ਕੌਣ ਜਾਣੇ ਇਹ ਅਵਸਥਾ ਕਿਤਨਾ ਕੁ ਚਿਰ ਰਹੀ ਹੋਵੇਗੀ ?

ਹੌਲੀ ਹੌਲੀ ਇਸ ਗੈਸ ਵਿਚ ਗੋਲ ਘੇਰੇ ਜਹੇ ਪੈਦਾ ਹੋਏ। ਗੈਸ ਦੇ ਥਾਂ ਥਾਂ ਤੇ ਚਕਰ ਵਿਚ ਘੁਮਣਨਾਲ ਗਰਮੀ ਪੈਦਾ ਹੋਈ, ਇਹ ਅਗ ਦੇ ਗੋਲੇ ਬਣੇ! । ਇਹ ਅੱਗ ਦੇ ਗੋਲੇ ਸੂਰਜ ਅਖਵਾਏ। ਸੂਰਜਾਂ ਦੇ ਠੰਢੇ ਹੋਣ ਨਾਲ ਇਹਨਾਂ ਦੇ ਕੁਝ ਟੁਕੜੇ ਇਹਨਾਂ ਨਾਲੋਂ ਟੁਟਕੇ ਇਹਨਾਂ ਤੋਂ ਦੂਰ ਚਲੇ ਗਏ, ਪਰ ਇਹਨਾਂ ਦੇ ਦੁਆਲੇ ਭੌਣ ਲਗ ਪਏ। ਠੰਡੇ ਹੋਕੇ ਇਹ ਗ੍ਰਹਿ ਅਖਵਾਏ। ਏਸੇ ਅਮਲ ਅਨੁਸਾਰ ਗ੍ਰਹਿਆਂ ਤੋਂ ਅਗੋਂ ਉਪ ਗ੍ਰਹਿ ਬਣੇ। ਅਰਬਾਂ ਖਰਬਾਂ ਵਰ੍ਹਿਆਂ ਵਿਚ ਇਹ ਠੰਡੇ ਹੋਏ। ਗੈਸਾਂ ਤੋਂ ਰੂਪ ਵਿਚ ਆਏ। ਹੋਰ ਅਰਬਾਂ ਖਰਬਾਂ ਸਾਲਾਂ ਵਿਚ ਠੋਸ ਮਾਦੇ ਚੋਂ ਹਵਾ, ਪਾਣੀ ਪੈਦਾ ਹੋਏ। ਪਾਣੀ ਵਿਚ ਸੈਲ ਦੇ ਜੀਵ ਪੈਦਾ ਹੋਏ, ਜੋ ਅਗੇ ਚਲਕੇ ਵਿਕਾਸ ਅਤੇ ਵਿਭਾਜਣ ਕਿਰਿਆ ਰਾਹੀ ਜਟਲ ਜੀਵ ਬਣੇ। ਲਖਾਂ ਕਰੋੜਾਂ ਵਰ੍ਹਿਆਂ ਦੇ ਅਮਲ ਬਾਦ ਕਈ ਤਰਾਂ ਦੀਆਂ ਜਿਨਸਾਂ ਤੇ ਜਾਤੀਆਂ ਪੈਦਾ ਹੋ ਗਈਆਂ। ਫਿਰ ਇਹਨਾਂ ਵਿਚੋਂ ਕੋਈ ਜਾਤੀ ਧਰਤੀ ਤੇ ਆਈ, ਤੇ ਵਿਕਾਸ ਕਰਦੀ ਕਰਦੀ ਕੀੜੇ ਮਕੌੜੇ ਚੋਪਾਏ ਦਰਿੰਦੇ ਆਦਿ ਦੇ ਰੂਪਾਂ ਚੋਂ ਵਿਕਸਤ ਹੋਂਦੀ ਬਾਂਦਰ ਬਣੀ। ਜਿਸਨੂੰ ਸਾਡਾ ਵਡੇਰਾ ਹੋਣ ਦਾ ਮਾਣ ਪ੍ਰਾਪਤ ਹੋਇਆ ਹੈ। ਏਸ ਵਿਕਾਸ ਸਿਧਾਂਤ ਦੀ ਪੁਸ਼ਟੀ ਮਾਦੇ ਦੀ ਬਣਤਰ ਤੋਂ ਹੋਂਦੀ ਹੈ।

ਕਿਸੇ ਵੀ ਤੱਤ (Element) ਨੂੰ ਲੈ ਲਈਏ। ਉਸਦਾ ਵਿਭਾਜਨ ਕਰਦੇ ਕਰਦੇ ਅਖੀਰ ਅਣੂਆਂ ਤੇ ਪੁਜ ਜਾਂਦੇ ਹਾਂ। ਇਹਨਾਂ ਅਣੂਆਂ (Atoms) ਵਿਚ ਅਗੋਂ ਪ੍ਰਮਾਣੂ (Electron ਤੇ Proton ਆਦਿ) ਹਨ ਜੋ ਹਰਕਤ ਕਰਦੇ ਹਨ। ਏਸ ਹਰਕਤ ਨੂੰ ਅਸੀਂ ਜ਼ਿੰਦਗੀ ਕਹਿ ਸਕਦੇ ਹਾਂ,। ਸਾਂਇਸ ਨੇ ਇਸਨੂੰ ਐਨਰਜੀ ਕਿਹਾ ਹੈ। ਇਹ ਸਾਰਾ ਬ੍ਰਹਿਮੰਡ ਏਸੇ ਐਨਰਜੀ ਤੋਂ ਬਣਿਆ ਹੋਇਆ ਹੈ। ਚੂੰ ਕਿ ਇਹ ਐਨਰਜੀ ਦਿਸਦੇ ਤੇ ਅਣ ਦਿਸਦੇ ਰੂਪ ਵਿਚ ਹਰ ਥਾਂ ਤੇ ਹੈ ਏਸ ਲਈ ਇਸਨੂੰ ਸਰਬਵਿਆਪਕ ਸ਼ਕਤੀ ਕਹਿਣਾ ਜ਼ਿਆਦਾ ਢੁਕਵਾਂ ਲਗਦਾ ਹੈ।

ਪਰ ਅਧਿਆਤਮ-ਵਾਦੀ ਏਸ ਸਿਧਾਂਤ ਤੋਂ ਇਕ ਕਦਮ ਹੋਰ ਅਗੇ ਜਾਂਦੇ ਹਨ। ਉਹ ਆਖਦੇ ਹਨ—ਇਹ ਸਭ ਕੁਝ ਆਪਣੇ ਆਪ ਹੀ ਨਹੀਂ ਹੋ ਗਿਆ। ਇਸਨੂੰ ਘੜਨ ਵਾਲੇ ਜਾਂ ਰਚਣ ਹਾਰੇ ਦੀ ਇਛਾ ਨਾਲ ਸਭ ਕੁਝ ਹੋਇਆ ਹੈ। ਪੁਲਾੜ ਖਾਲੀ ਪਿਆ ਸੀ ਚੰਨ, ਸੂਰਜ ਤਾਰੇ, ਧਰਤੀਆਂ ਜੀਵ ਜੰਤ ਕੁਝ ਵੀ ਨਹੀਂ ਸੀ ਬਸ ਅਰਬਦ ਨਰਬਦ ਧੁੰਧੂਕਾਰਾ ਹੀ ਸੀ। ਤਾਂਵੀਂ ਇਕ ਅਕਾਲ ਪੁਰਖ ਨਿਰਾਕਾਰ ਰੂਪ ਵਿਚ ਮੌਜੂਦ ਸੀ। ਉਹ ਨਿਰਗੁਣ ਸੀ। ਉਹਦਾ ਕੋਈ ਰੰਗ ਰੂਪ ਨਹੀਂ ਸੀ, ਸੁੰਨ ਸਮਾਧੀ ਵਿਚ ਸੀ ਦਿਸਣ ਵਿਚ ਨਹੀਂ ਸੀ ਪਰ ਹੈ ਸੀ ਜ਼ਰੂਰ।

ਏਸ ਅਫੁਰ ਅਵਸਥਾ ਵਿਚੋਂ ਉਸਦੀ ਇਛਾ ਹੋਈ ਕਿ ਉਹ ਪ੍ਰਗਟ ਹੋਵੇ। ਨਿਰਾਕਾਰ ਤੋਂ ਸਾਕਾਰ ਰੂਪ ਧਾਰੇ, ਨਿਰਗੁਣ ਤੋਂ ਸਰਗੁਣ ਬਣੇ। ਏਕ ਤੋਂ ਅਨੇਕ ਹੋਵੇ। ਏਸ ਇਛਾ ਦਾ



Sri Satguru Jagjit Singh Ji Elibrary NamdhariElibrary@gmail.com

ਹੋਣਾ ਸੀ ਕਿ ਇਕ ਅਲੌਕਿਕ ਆਵਾਜ਼ (ਅਨਹਦ ਨਾਦ) ਪੈਦਾ ਹੋਈ। ਲਖੀਂ ਕਰੋੜਾਂ ਸੂਰਜਾਂ ਦਾ ਪ੍ਰਕਾਸ਼ ਹੋਇਆ। ਇਸ ਪ੍ਰਕਾਸ਼ ਤੋਂ ਸੂਰਜ ਤਾਰੇ ਧਰਤੀ ਮੰਡਲ ਤੇ ਜੀਵ ਜੰਤ ਬਣੇ। ਏਸ ਤਰ੍ਹਾਂ ਉਹ ਆਪ ਹੀ ਜ਼ਿੰਦਗੀ ਦੇ ਕਣ ਕਣ ਲੂੰਅ ਲੂੰਅ ਵਿਚ ਰਚਿਆ ਹੋਇਆ ਹੈ। ਅਸੀਂ ਸਾਰੇ ਇਕੁ ਮਿਟੀ ਦੇ ਭਾਂਡੇ ਹਾਂ। ਉਹ ਹਰ ਥਾਂ ਤੇ ਹੈ। ਨਿਰਗੁਣ ਵੀ ਸਰਗੁਣ ਵੀ। ਜੋ ਕੁਝ ਦਿਸ ਰਿਹਾ ਹੈ ਸਭ ਕਾਸੇ ਦਾ ਮੁਢ ਅਧਾਰ ਉਹੀ ਹੈ। ਉਹ ਸਰਬ ਵਿਆਪਕ ਹੈ। ਉਹ ਸਰਬ ਸ਼ਕਤੀਮਾਨ ਹੈ।

ਉਹ ਜਦ ਵੀ ਚਾਹੇ ਏਸ ਸਭ ਦਿਸਦੇ ਪਸਾਰੇ ਨੂੰ ਸਮੇਟ ਕੇ ਇਕ ਤੋਂ ਸੁਨ ਸਮਾਧ ਹੋ ਸਕਦਾ ਹੈ ਤੇ ਇਛਾ ਹੋਈ ਤੇ ਫਿਰ ਏਕ ਤੋਂ ਅਨੇਕ ਰੂਪ ਧਾਰ ਸਕਦਾ ਹੈ। ਇੰਜ ਕਈ ਵਾਰ ਹੋਇਆ ਹੈ ਤੇ ਹੁੰਦਾ ਰਹੇਗਾ। ਇਕ ਉਸੇ ਦਾ ਨਾਮ ਅਟੱਲ ਹੈ। ਬਾਕੀ ਸਭ ਪਲ ਪਲ ਬਦਲਦਾ ਉਸੇ ਦਾ ਰੂਪ ਹੈ। ਆਦਿ......

ਸੋ ਇਹ ਹੈ ਆਧੁਨਕ ਮਨੁਖ ਦਾ ਰੱਬ ਜਿਸਦੀ ਪ੍ਰੋੜਤਾ ਵਿਗਿਆਨ ਵੀ ਕਰ ਰਿਹਾ ਹੈ।

ਪਰ ਕੀ ਸਚ ਮੁਚ ਹੀ ਰੱਬ ਇਹੀ ਕੁਝ ਹੈ? ਜਿਸਦਾ ਵਰਨਣ ਉਤੇ ਹੋਇਆ ਹੈ?

ਮੇਰਾ ਖਿਆਲ ਹੈ ਇਹ ਰੱਬ ਦੀ ਪੂਰੀ ਵਿਆਖਿਆ ਨਹੀਂ ਹੈ ਰੱਬ ਏਨਾਂ ਹੀ ਨਹੀਂ ਜਿਨ੍ਹਾਂ ਕੁ ਆਧੁਨਕ ਮਨੁਖ ਦੀ ਕਲਪਨਾ ਨੇ ਘੜ ਲਿਆ ਹੈ। ਇਹ ਸਿਰਫ ਮਨੁਖੀ ਕਲਪਨਾ ਦੀ ਸੀਮਾ ਹੀ ਹੈ ਜਿਸ ਤੋਂ ਅਗੇ ਮਨੁਖ ਰੱਬ ਦਾ ਕੋਈ ਹੋਰ ਰੂਪ ਅਜੇ ਚਿਤਰ ਨਹੀਂ ਸਕਿਆ।

ਪਹਿਲਾਂ ਪਹਿਲ ਜਦ ਮਨੁਖ ਏਸ ਧਰਤੀ ਉਤੇ ਪੈਦਾ ਹੋਇਆ ਤਾਂ ਉਸਦੀ ਬੁਧ ਬਾਲ-ਵਰੇਸ ਵਿਚ ਸੀ ਉਦੋਂ ਉਹਦੀ ਕਲਪਨਾ ਦਾ ਰੱਬ ਕੜਕਦੀ ਹੋਈ ਬਿਜਲੀ, ਅੱਗ ਸੁਟਦਾ ਹੋਇਆ ਸੂਰਜ ਤੇ ਹੋਰ ਅਜਿਹੀਆਂ ਸ਼ਕਤੀਆਂ ਸਨ, ਜੋ ਉਸ ਦੀ ਸਮਝ ਤੋਂ ਬਾਹਰ ਸਨ।

ਫਿਰ ਜਿਉਂ ਜਿਉਂ ਮਨੁਖੀ ਸੂਝ ਵਿਕਾਸ ਕਰਦੀ ਗਈ ਮਨੁਖ ਦਾ ਕਲਪਿਆ ਰੱਬ ਵੀ ਰੂਪ ਵਟਾਂਦਾ ਗਿਆ। ਮਧ ਯੁਗ ਦਾ ਮਨੁਖ ਏਸ ਸਿਟੇ ਤੇ ਪੁਜਾ ਕਿ ਰੱਬ ਇਕ ਹੈ, ਕਿਸੇ ਕਿਹਾ ਸਤਵੇਂ ਆਕਾਸ਼ ਤੇ ਰਹਿੰਦਾ ਹੈ। ਕਿਸੇ ਆਖਿਆ ਸਚ ਖੰਡ ਵਿਚ ਉਸਦਾ ਵਾਸ ਹੈ। ਇਹ ਵੀ ਦਸਿਆ ਗਿਆ ਕਿ ਉਸਦਾ ਇਕ ਵਜ਼ੀਰੇ ਖਾਸ ਧਰਮਰਾਜ ਵੀ ਹੈ ਜੋ ਹਰ ਪ੍ਰਾਣੀ ਦਾ ਹਿਸਾਬ ਕਿਤਾਬ ਰਖਦਾ ਹੈ ਮਨੁਖ ਦੀ ਉਮਰ ਪੂਰੀ ਹੋਣ ਉਤੇ ਰੱਬ ਦੇ ਖਾਸ ਦੂਤ ਉਸਨੂੰ ਲੈਣ ਆਉਂਦੇ ਹਨ ਤੇ ਕਰਮਾਂ ਅਨੁਸਾਰ ਉਹਨੂੰ ਸੁਰਗ ਜਾਂ ਨਰਕ ਵਲ ਲੈ ਜਾਂਦੇ ਹਨ।

ਤੇ ਹੁਣ ਅਜਦੇ ਵਿਕਸਤ ਹੋਏ ਮਨੁਖ ਨੇ ਆਪਣੀ ਕਲਪਨਾ ਅਨੁਸਾਰ ਇਕ ਸਰਬਵਿਆਪਕ ਸ਼ਕਤੀ ਵਾਲੇ ਰੱਬ ਦਾ ਰੂਪ ਕਲਪ ਲਿਆ ਹੈ, ਜਿਸਦੀ ਪ੍ਰੋੜਤਾ ਸਾਇੰਸ ਵੀ ਕਰ ਰਹੀ ਹੈ। ਮੇਰਾ, ਵਿਚਾਰ ਹੈ ਸਾਇੰਸ ਕਲਾ ਵੀ ਮਨੁਖ ਦੀ ਸਾਜੀ ਹੋਈ ਹੈ ਏਸ ਲਈ ਇਹ ਪ੍ਰੋੜਤਾ ਵੀ ਉਸੇ ਚੀਜ਼ ਦੀ ਕਰ ਸਕਦੀ ਹੈ ਜੋ ਮਨੁਖ ਦੀ ਕਲਪਨਾ ਵਿਚ ਹੈ। ਇਸ ਤੋਂ ਅਗੇ ਨਹੀਂ ਜਾ ਸਕਦੀ। ਸਭ ਕਲਾਵਾਂ ਦੀ ਜਨਨੀ ਮਨੁਖੀ ਕਲਪਨਾ ਹੀ ਹੈ।

ਮੇਰਾ ਮਨ ਕਹਿੰਦਾ ਹੈ, ਰੱਬ ਏਸ ਸਰਬ ਸ਼ਕਤੀਮਾਨ ਵਾਲੇ ਸੰਕਲਪ ਤੋਂ ਵੀ ਪਰ੍ਹਾਂ ਦੀ ਕੋਈ ਹੋਰ ਵਸਤੂ ਹੈ ਜਿਸ ਬਾਰੇ ਅਰਧ ਵਿਕਸਤ ਮਨੁਖੀ ਕਲਪਨਾ ਅਜੇ ਕੁਝ ਕਲਪਣੋਂ ਅਸਮਰਥ ਹੈ।

ਪਰ ਵਿਕਾਸ ਸਿਧਾਂਤ ਤਾਂ ਜਾਰੀ ਹੈ? ਮਨੁਖ ਨੇ ਤਾਂ ਹੋਰ ਵਿਕਸਤ ਹੋਣਾ ਹੈ ਫਿਰ ਉਸਦੇ ਰੱਬ ਬਾਰੇ ਸੰਕਲਪ ਨੂੰ ਕਿਵੇਂ ਆਖਰੀ ਸਚ ਮਨ ਲਿਆ ਜਾਵੇ?

ਇਕ ਹਾਥੀ ਨੂੰ ਲੈ ਲੈਂਦੇ ਹਾਂ। ਉਸਦੀਆਂ ਨਾੜੀਆਂ ਅੰਦਰ ਖੂਨ ਚਲ ਰਿਹਾ ਹੈ। ਇਹਨਾਂ ਦੀ ਲੰਬਾਈ ਹਜ਼ਾਰਾਂ ਮੀਲ ਬਣ ਜਾਂਦੀ ਹੈ। ਖੂਨ ਕੀ ਹੈ? ਕੀਟਾਣੂਆਂ ਦਾ ਸੰਗ੍ਰਹਿ। ਇਹ ਕੀਟਾਣੂ ਅਤੀ ਸੂਖਸ਼ਮ ਹਨ। ਇਕ ਕੀਟਾਣੂ ਦੀ ਤੁਲਣਾ ਹਾਥੀ ਦੇ ਅਕਾਰ ਨਾਲ? ਕੀਟਾਣੂ ਦੀ ਅਲਪ ਆਯੂ ਹਾਥੀ ਦੀਆਂ ਨਾੜੀਆਂ ਦੇ ਚਕਰ ਵਿਚ ਹੀ ਮੁਕ ਜਾਂਦੀ ਹੈ। ਉਸਦਾ ਭੇਦ ਨਹੀਂ ਪਾ ਸਕਦਾ ਹਾਥੀ ਕੀਟਾਣੂ ਲਈ ਸਰਬ ਵਿਆਪਕ ਹੈ, ਸਰਬ ਸ਼ਕਤੀ ਮਾਨ ਹੈ। ਕੀਟਾਣੂ ਦੀ ਜ਼ਿੰਦਗੀ, ਉਸ ਦੀ ਕਲਪਨਾ, ਚੇਤਨਾ, ਜਿਨੀ ਤੇ ਜਿਸ ਮਾਤਰਾ ਵਿਚ ਵੀ ਹੈ ਸਭ ਆਪਣੇ ਸਰਬ ਸ਼ਕਤੀਮਾਨ ਨੂੰ ਜਾਨਣ ਸਮਝਣ ਵਿਚ ਹੀ ਬਤੀਤ ਹੋ ਜਾਂਦੀ ਹੈ।

ਕੀ ਪਤਾ ਅਸੀਂ ਵੀ ਕਿਸੇ ਵਿਰਾਟ ਸਰੀਰ ਵਿਚ ਚਲ ਰਹੇ ਲਹੂ ਦੇ ਕੀਟਾਣੂ ਹੀ ਹੋਈਏ? ਤੇ ਇਹ ਵਿਰਾਟ ਸਰੀਰ ਵੀ ਜੋ ਸਾਡੇ ਲਈ ਸਰਬ ਸ਼ਕਤੀ ਮਾਨ ਹੈ ਅਗੋਂ ਆਪਣੇ ਕਿਸੇ ਰਚਣਹਾਰੇ ਦੀ ਖੋਜ ਵਿਚ ਹੋਵੇ?

ਰੱਬ ਅਰਥ ਹੈ ਪਰ ਸਾਡੀ ਕਲਪਨਾ ਤੋਂ ਪਰ੍ਹਾਂ ਦੀ ਵਸਤੂ ਹੈ ਜਿਸ ਬਾਰੇ ਹਰ ਜੁਗ ਦਾ ਮਨੁਖ ਉਸਦਾ ਕੋਈ ਨਾ ਕੋਈ ਰੂਪ ਮਿਥਦਾ ਰਹੇਗਾ। ਤੇ ਆਪਣ ਮਿਥੇ ਰੂਪ ਨੂੰ ਆਖਰੀ ਸੱਚ ਮੰਨਦਾ ਰਹੇਗਾ। ਕਿਉਂਕਿ ਇਹ ਉਸਦੀ ਕਲਪਨਾ ਦੀ ਸੀਮਾ ਹੋਵੇਗੀ। ਪਰ ਉਸ ਤੋਂ ਬਾਦ ਵਿਚ ਆਉਣ ਵਾਲਾ ਮਨੁਖ ਆਪਣੇ ਬਜ਼ੁਰਗਾਂ ਦੇ ਕਲਪੇ ਰੱਬ ਨੂੰ ਕਲਪਣਾ ਵਿਕਾਸ ਦਾ ਇਕ ਪੜਾਅ ਦਸਕੇ ਆਪਣਾ ਰਬ ਆਪ ਘੜ ਲਿਆ ਕਰੇਗਾ।

ਤੇ ਇੰਜ ਹਰ ਕਾਲ ਵਿਚ ਮਨੁਖ ਦਾ ਰਬ ਪਰੀ ਪੂਰਨ ਹੁੰਦਾ ਹੋਇਆ ਵੀ ਇਕ ਬੁਝਾਰਤ ਹੀ ਬਣਿਆ ਰਹੇਗਾ।

ਡਾਕਖਾਨਾ ਹਰੀਪੁਰ ਨਾਇਕ,
ਜ਼ਿ: ਨੈਨੀਤਾਲ (ਯੂ. ਪੀ.)



Sri Satguru Jagjit Singh Ji Elibrary NamdhariElibrary@gmail.com

# ਸਾਂਦੀਪਨਿ

ਸੰਕਲਨ ਕਰਤਾ: ਜ. ਸ. ਵਿਰਦੀ

ਉਜੈਯਨੀ ਹੀ ਉਹ ਪਵਿੱਤਰ ਧਾਮ ਹੈ ਜਿਥੇ ਕਿ ਮਹਾਨ ਗੁਰੂ ਸਾਂਦੀਪਨਿ ਦਾ ਨਿਵਾਸ ਸੀ ਅਤੇ ਦੂਰੋਂ ਵਿਦਿਆਰਥੀ ਉਸ ਕੋਲ ਧਨੁਸ਼ ਵਿਦਿਆ ਦੀ ਪ੍ਰਾਪਤੀ ਲਈ ਆਉਂਦੇ ਸਨ। ਸਾਂਦੀਪਨਿ ਜੀ ਖੁਦ ਵੀ ਬੜੇ ਵੱਡੇ ਧਨੁਰਧਰ ਸਨ।

ਕਹਿੰਦੇ ਨੇ ਕਿ ਜਿਸ ਵੇਲੇ ਭਗਵਾਨ ਕ੍ਰਿਸ਼ਣ ਨੇ ਕੰਸ ਨੂੰ ਮਾਰ ਕੇ ਮਥੁਰਾ ਦਾ ਰਾਜ ਉਗਰਸੇਨ ਨੂੰ ਦੇ ਦਿੱਤਾ ਅਤੇ ਆਪ ਵਿਦਿਆ ਪ੍ਰਾਪਤੀ ਲਈ ਸਾਂਦੀਪਨਿ ਕੋਲ ਉਜੈਯਨੀ ਚਲੇ ਗਏ। ਉਜੈਯਨੀ ਵਿਚ ਸ੍ਰੀ ਕ੍ਰਿਸ਼ਨ ਦੇ ਚਰਣਾਂ ਨਾਲ ਅੰਕਿਤ ਅੰਕਪਾਦ ਨਾਂ ਦਾ ਤੀਰਥ ਹੈ ਜਿਥੇ ਕਿ ਮਰ ਕੇ ਮਨੁਖ ਯਮਰਾਜ ਦੇ ਦਰਸ਼ਨ ਨਹੀਂ ਕਰਦੇ। ਲੱਖਾਂ ਲੋਕ ਯਮਰਾਜ ਦੇ ਮੂੰਹ ਮੱਥੇ ਲਗਣੋਂ ਬਚਣ ਲਈ ਉਸ ਪਵਿੱਤਰ ਧਾਮ ਦੀ ਯਾਤਰਾ ਕਰਦੇ ਨੇ।

ਸਾਂਦੀਪਨਿ ਜੀ ਉਜੈਯਨੀ ਨਿਵਾਸੀ ਸਨ ਤੇ ਕ੍ਰਿਸ਼ਣ ਜੀ ਖੁਦ ਚਲਕੇ ਵਿਦਿਆ ਪ੍ਰਾਪਤੀ ਲਈ ਉਨ੍ਹਾਂ ਕੋਲ ਗਏ ਸਨ। ਪੁਰਾਣਾਂ ਵਿਚੋਂ ਇਹ ਗਵਾਹੀ ਵੀ ਮਿਲਦੀ ਹੈ ਕਿ ਉਨ੍ਹਾਂ ਦਾ ਭਰਾ ਬਲਰਾਮ ਵੀ ਸਾਂਦੀਪਨਿ ਦਾ ਹੀ ਸ਼ਾਗਿਰਦ ਸੀ ਅਤੇ ਪ੍ਰਸਿੱਧ ਬ੍ਰਾਹਮਣ ਸੁਦਾਮਾ ਵੀ ਸਾਂਦੀਪਨਿ ਕੋਲ ਹੀ, ਸ੍ਰੀ ਕ੍ਰਿਸ਼ਣ ਦਾ ਜਮਾਤੀ ਸੀ।

ਸਾਂਦੀਪਨਿ ਜੀ ਨੇ ਸ੍ਰੀ ਕ੍ਰਿਸ਼ਣ ਅਤੇ ਬਲਰਾਮ ਨੂੰ ੬੪ ਦਿਨਾਂ ਵਿਚ ਹੀ ਹਰ ਤਰ੍ਹਾਂ ਦੀ ਅਸਤਰ-ਸ਼ਸਤਰ ਵਿਦਿਆ ਅਤੇ ਮੰਤਰਾਂ ਆਦਿ ਦਾ ਗਿਆਨ ਦੇ ਦਿਤਾ ਸੀ ਅਤੇ ਉਹ ਦੋਵੇਂ ਭਰਾ ਹਰ ਤਰ੍ਹਾਂ ਦੇ ਗਿਆਨ ਅਤੇ ਅਸਤਰ ਵਿੱਦਿਆ ਵਿਚ ਮਾਹਰ ਹੋ ਗਏ ਸਨ। ਚਾਰੇ ਵੇਦ ਅਤੇ ਸਾਰੇ ਹੀ ਸ਼ਾਸਤਰ ਸਾਂਦੀਪਨਿ ਨੇ ਸ੍ਰੀ ਕ੍ਰਿਸ਼ਣ ਨੂੰ ਪੜ੍ਹਾ ਦਿਤੇ ਸਨ।

ਉਨ੍ਹਾਂ ਵੇਲਿਆਂ ਵਿਚ ਇਹ ਰਿਵਾਜ ਸੀ ਕਿ ਵਿਦਿਆ ਪ੍ਰਾਪਤੀ ਤੋਂ ਮਗਰੋਂ ਚੇਲੇ ਆਪਣੇ ਗੁਰੂ ਨੂੰ ਦਖਿਣਾ ਦਿਆ ਕਰਦੇ ਸਨ। ਗੁਰੂ-ਦਖਿਣਾ ਦੇ ਰੂਪ ਵਿਚ, ਸਾਂਦੀਪਨਿ ਜੀ ਨੇ ਆਪਣੀ ਪਤਨੀ ਦੀ ਸਲਾਹ ਨਾਲ ਸ੍ਰੀ ਕ੍ਰਿਸ਼ਣ ਕੋਲੋਂ ਆਪਣੇ ਮਰੇ ਹੋਏ ਪੁਤਰ ਨੂੰ ਮੰਗ ਲਿਆ। ਬਹੁਤ ਚਿਰ ਪਹਿਲਾਂ ਪੰਚਜਨ ਰਾਖਸ਼ ਸਾਂਦੀਪਨਿ ਦੇ ਪੁਤਰ ਨੂੰ ਚੁਰਾ ਕੇ ਪਾਤਾਲ ਵਿਚ ਲੈ ਗਿਆ ਸੀ। ਸ੍ਰੀ ਕ੍ਰਿਸ਼ਣ ਨੇ ਆਪਣੇ ਗੁਰੂ ਸਾਂਦੀਪਨਿ ਦੇ ਹੁਕਮ ਦਾ ਪਾਲਨ ਕੀਤਾ ਤੇ ਪਾਤਾਲ ਵਿਚ ਜਾ ਕੇ ਪੰਚਜਨ ਰਾਖਸ਼ ਨੂੰ ਮਾਰ ਦਿਤਾ ਅਤੇ ਸਾਂਦੀਪਨਿ ਦਾ ਪੁਤਰ ਵਾਪਿਸ ਲਿਆ ਕੇ ਉਹਦੇ ਹਵਾਲੇ ਕਰ ਦਿਤਾ।

ਇਸ ਤਰ੍ਹਾਂ ਦੀ ਵੀ ਕਥਾ ਆਉਂਦੀ ਹੈ ਕਿ ਭਗਵਾਨ ਕ੍ਰਿਸ਼ਣ ਕੋਲ ਜਿਹੜਾ ਸ਼ਾਨਦਾਰ ਸੰਖ ਸੀ ਉਹ ਉਨ੍ਹਾਂ ਨੇ ਪੰਚਜਨ ਰਾਖਸ਼ ਦੀਆਂ ਹੱਡੀਆਂ ਦਾ ਹੀ ਬਣਵਾਇਆ ਸੀ। ਇਸੇ ਕਰਕੇ ਹੀ ਉਸ ਦਾ ਨਾਂ ਪੰਚਜਨਯ ਸੀ।

ਸਾਂਦੀਪਨਿ ਦੇ ਪੜ੍ਹਾਏ ਹੋਏ ਵਿਦਿਆਰਥੀ ਆਪਸ ਵਿਚ ਬੜੇ ਪਿਆਰ ਨਾਲ ਰਹਿੰਦੇ ਸਨ। ਇਸ ਹਕੀਕਤ ਦੀ ਗਵਾਹੀ ਸ੍ਰੀ ਕ੍ਰਿਸ਼ਣ ਅਤੇ ਸੁਦਾਮਾ ਦੀ ਦੋਸਤੀ ਤੋਂ ਵੀ ਮਿਲ ਸਕਦੀ ਹੈ।

ਮਹਾਂਭਾਰਤ ਦੇ ਯੁਧ ਵਿਚ ਸ੍ਰੀ ਕ੍ਰਿਸ਼ਣ ਨੇ ਜਿਹੜੀ ਮਹਾਨ ਨੀਤੀਵਾਨ ਦੀ ਭੂਮਿਕਾ ਅਦਾ ਕੀਤੀ, ਉਸ ਦੀ ਸ਼ੁਰੂਆਤ ਉਦੋਂ ਹੀ ਹੋ ਗਈ ਸੀ ਜਦੋਂ ਕਿ ਉਹ ਸਾਂਦੀਪਨਿ ਦੇ ਆਸ਼ਰਮ ਵਿਚ ਵਿਦਿਆ ਕਰਦੇ ਸਨ।

ਸਾਂਦੀਪਨਿਜੀ ਮਹਾਨ ਅਧਿਆਪਕ, ਸਭਨਾਂ ਕਲਾਵਾਂ ਦੇ ਗਿਆਤਾ ਅਤੇ ਅਸਤਰ-ਸ਼ਸਤਰ ਵਿਦਿਆ ਦੇ ਮਾਹਰ ਤਾਂ ਸਨ ਹੀ, ਪਰ ਉਨ੍ਹਾਂ ਦੀ ਸਭ ਤੋਂ ਵੱਡੀ ਮਹਾਨਤਾ ਇਸ ਗੱਲ ਵਿਚ ਵੀ ਹੈ ਕਿ ਉਹ ਮਹਾਨ ਕ੍ਰਿਸ਼ਣ ਦੇ ਗੁਰੂ ਸਨ।

—0—



Sri Satguru Jagjit Singh Ji Elibrary NamdhariElibrary@gmail.com

ਸਰਵੇਖਣ

# ਪੰਜਬੀ ਸਾਹਿਤਕਾਰਾਂ ਬਾਰੇ ਨਵੀਆਂ ਖੋਜਾਂ

—ਪ੍ਰੋ: ਕੁਰਭਜਨ ਗਿੱਲ

ਵੱਖ ਵੱਖ ਯੂਨੀਵਰਸਟੀਆਂ ਦੇ ਵੱਖ ਵੱਖ ਇਮਤਿਹਾਨਾਂ ਵਿਚ ਅਨੇਕਾਂ ਵਿਦਿਆਰਥੀਆਂ ਵੱਲੋਂ ਅਜੀਬੋ - ਗਰੀਬ ਜਵਾਬ ਪੜ੍ਹਨ ਨੂੰ ਲਭਦੇ ਹਨ। ਇਕ ਹੀ ਇਮਤਿਹਾਨ ਵਿਚ ਕੁਝ ਪਰਚੇ ਪੜ੍ਹਨ ਉਪਰੰਤ ਪੰਜਾਬੀ ਸਾਹਿਤਕਾਰਾਂ ਬਾਰੇ ਕੁਝ ਨਵੀਆਂ ਖੋਜਾਂ ਕੀਤੀਆਂ ਮਿਲੀਆਂ ਹਨ। ਖੂਬਸੂਰਤ ਗੱਲ ਇਹ ਹੋਵੇਗੀ-ਕਿ ਜਿਉਂਦੇ ਲੇਖਕ ਆਪਣੇ ਬਾਰੇ ਆਪ ਪੜ੍ਹ ਕੇ ਕਿੰਜ ਮਹਿਸੂਸ ਕਰਨਗੇ। ਕੁਜ ਕੁ ਸਾਹਿਤਕਾਰਾਂ ਬਾਰੇ 'ਗਿਆਨੀ' ਦੇ ਵਿਦਿਆਰਥੀਆਂ ਵਲੋਂ ਹੱਲ ਕੀਤੇ ਪਰਚਿਆਂ 'ਚੋਂ ਨੋਟ ਕੀਤੀਆਂ ਖੋਜਾਂ ਨਿਮਨ-ਅੰਕਤ ਹਨ।

ਡਾਕਟਰ ਮੋਹਨ ਸਿੰਘ ਦੀਵਾਨਾ ਨੂੰ ਸਾਹਿਤ ਅਕਾਡਮੀ ਦਾ ਇਨਾਮ ਮਿਲਿਆ। ਉਨ੍ਹਾਂ ਦਾ ਜਨਮ ੧੯੧੭ ਨੂੰ ਹੋਇਆ। ਅੱਜ ਕੱਲ੍ਹ ਆਪ ਖੇਤੀਬਾੜੀ ਯੂਨੀਵਰਸਟੀ ਲੁਧਿਆਣਾ ਦੇ ਵਾਈਸ ਚਾਂਸਲਰ ਹਨ।

ਨਾਨਕ ਸਿੰਘ ਨੇ ਬਾਰਾਂ ਦਰਜਨ ਨਾਵਲ ਲਿਖੇ। ਉਹਦੇ ਨਾਵਲ ਸਟੇਜ ਪੱਖੋਂ ਬੜੇ ਸਫਲ ਹਨ।

ਚਿੜੀਉਂ ਸੇ ਮੈਂ ਬਾਜ ਤੁੜਾਊਂਗਾ
ਤਬੀ ਗੁਰੂ ਗੁਬਿੰਦ ਸਿੰਘ ਜੀ ਨਾਮ ਕਹਾਊਂਗਾ।

ਨਾਨਕ ਸਿੰਘ ਪਹਿਲਾਂ ਸਕੂਲ ਮਾਸਟਰ, ਫਿਰ ਲਾਹੌਰ ਤੇ ਪਟਿਆਲੇ ਪ੍ਰੋਫੈਸਰਰ ਲੱਗੇ ਰਹੇ. ਨਾਟਕ ਤੇ ਨਾਵਲ ਉਹਦੇ ਐਮ ਏ ਦੀਆਂ ਜਮਾਤਾਂ 'ਚ ਲੱਗਦੇ ਹਨ। ਉਹਨਾਂ ਜਿੰਨੀ ਬੋਲੀ ਵਰਤੀ ਹੈ ਪੰਜਾਬੀ ਹੈ ਤੇ ਮਧ ਵਰਗੀ ਹੈ।

ਬੁੱਲੇ ਸ਼ਾਹ ਦੀ ਵਧੇਰੇ ਕਾਵਿ-ਦੇਣ ਹੀਰ ਹੀ ਹੈ। ਵਾਰਸ ਦਮੋਦਰ ਵਾਂਗ ਹੀਰ ਲਿਖ ਕੇ ਉਹਨੇ ਤੀਸਰਾ ਨੰਬਰ ਗ੍ਰਹਿਣ ਕੀਤਾਂ। ਪਰ ਉਹ ਵਾਰਸ ਜਿੰਨਾਂ ਪ੍ਰਸਿਧ ਨਹੀਂ ਹੋਇਆ। ਬੁਲ੍ਹੇ ਸ਼ਾਹ ਮੂੰਹੋਂ ਹੀਰ ਸੁਣੋ।

ਹਾਜੀ ਲੋਕ ਮੱਕੇ ਨੂੰ ਜਾਂਦੇ......।

ਉਹ ਫਿਰ ਆਖਦੇ ਹਨ: ਬੁਲ੍ਹੇ ਸ਼ਾਹ ਰੱਬ ਉਨ੍ਹਾਂ ਨੂੰ ਮਿਲਦਾ, ਨੀਤਾ ਜਿੰਨਾਂ ਦੀਆਂ ਸੱਚੀਆਂ।

ਪਰ ਹੀਰ ਆਖਦੀ ਹੈ—'ਨੀ ਮੈਂ' ਕਮਲੀ ਆਂ।

ਸ਼ਿਵ ਕੁਮਾਰ ਵਟਾਲੇ ਵਾਲਾ ਸਾਨੂੰ ਸਾਰਿਆਂ ਨੂੰ ੬ ਫਰਵਰੀ ੧੯੬੪ ਨੂੰ ਛੱਡਕੇ ਤੁਰ ਗਿਆ।

'ਤੂੰ ਵਿਦਾ ਹੋਇਓ ਸਾਡੇ ਦਿਲ ਤੇ ਉਦਾਸੀ ਛਾ ਗਈ!

ਰਾਂਝਾ ਜਦ ਗਰੀਬ ਹੋ ਜਾਂਦਾ ਹੈ ਤਾਂ ਹੀਰ ਉਹਨੂੰ ਛੱਡ ਜਾਂਦੀ ਹੈ। ਉਹ ਉਹਨੂੰ ਮਿਹਣੇ ਦੇ ਕੇ ਟਿੱਲੇ ਤੇ ਚਲਾ ਜਾਂਦਾ ਹੈ।

ਰਾਂਝਾ ਜੋਗੀ ਹੋ ਗਿਆ ਕੰਨੀ ਮੁੰਦਰਾਂ ਪਾਈਆਂ,
ਚੌਧਰ ਛੱਡੀ ਪਿੰਡ ਦੀ ਛੱਡੀਆਂ ਭਰਜਾਈਆਂ।

ਪ੍ਰਭਜੋਤ ਕੌਰ ਦਾ ਜਨਮ ੧੯੧੮ ਵਿਚ ਅੰਮ੍ਰਿਤਸਰ ਦੇ ਨਜ਼ਦੀਕ ਹੋਇਆ ਇਸ ਦਾ ਵਿਆਹ ਨਰਿੰਦਰ ਸਿੰਘ ਨਾਲ ਹੋਇਆ ਜਿਸ ਕਰਕੇ ਉਹਨੂੰ ਹੋਰ ਭੀ ਸਾਹਿਤ ਮਿਲਿਆ ਕੁਝ ਸਾਹਿਤ ਇਸ ਨੂੰ ਵਿਰਸੇ 'ਚ ਮਿਲ ਗਿਆ ਸੀ। ਵਿਆਹ ਤੋਂ ਮਗਰੋਂ ਪਟਿਆਲੇ ਰਹਿ ਕੇ ਉਹਨੇ ਇਕ ਸਾਹਿਤ ਰਚਿਆ ਜਿਸ ਬਦਲੇ ਉਹਨੂੰ ਪੰਜ ਹਜਾਰ ਰੁਪੇ ਦਾ ਸਾਹਿਤ ਅਕਾਡਮੀ ਮਿਲਿਆ। ਅਜ ਕੱਲ ਇਹ ਭਾਰੀ ਕਵਿਤੱਰੀ ਪਟਿਆਲੇ ਕਾਲਜ 'ਚ ਲੱਗੀ ਹੋਈ ਹੈ। ਇਹਨੂੰ ਸਾਹਿਤ ਵਲੋਂ ਕਾਫੀ ਦੇਣ ਪ੍ਰਾਪਤ ਹੈ।

ਨਾਨਕ ਸਿੰਘ ਨੂੰ ਸਤਿਗੁਰ ਮਹਿਮਾਂ ਬਾਰੇ ਪੰਜ ਹਜ਼ਾਰ ਮਿਲਿਆ।

ਹਰਚਰਨ ਸਿੰਘ ਦਾ ਨਾਵਲ 'ਹਿੰਦ ਦੀ ਚਾਦਰ' ਸਭ ਲੋਕਾਂ ਦੇ ਦਿਲ ਵਿਚ ਹੀਰ ਵਾਂਗ ਧਸ ਗਿਆ ਹੈ। ਉਨ੍ਹਾਂ ਨੂੰ 'ਪੂਰਨ ਮਾਸ਼ੀ' ਬਦਲੇ ਇਨਾਮ ਮਿਲਿਆ।

ਗੁਰੂ ਨਾਨਕ ਕਾਲ ਵਿਚ ਕਈ ਪ੍ਰਯੋਗਵਾਦੀ ਕਵੀ ਹੋਏ ਜਿਵੇ ਜੱਲਣ ਜੱਟ ਉਹ ਲਿਖਦਾ ਹੈ:

ਉਹ ਵੇਖੋ ਆਨੰਦ.ਆ ਰਿਹਾ।
ਕਿੰਨੇ ਸੁਪਨੇ ਨਾਲ ਲਿਆ ਰਿਹਾ।
ਜਿਵੇ ਕਿਸੇ ਬੀਮਾਰ ਦੀ ਉਲਟੀ,
ਕੁੱਤਾ ਜਿਸਨੂੰ ਚੱਟ ਰਿਹਾ ਹੈ। ਜੱਲਣ ਜੱਟ

ਲੋਕ ਗੀਤ ਉਦੋ ਲਿਖੇ ਜਾਂਦੇ ਹਨ ਜਦੋਂ ਦਿਲ ਤੜਫ ਉਠਦੇ ਹਨ ਜਿਵੇ:

(ਬਾਕੀ ਸਫਾ ੪੦ ਤੇ)



Sri Satguru Jagjit Singh Ji Elibrary NamdhariElibrary@gmail.com

# ਗ਼ਜ਼ਲ

ਗੁਰਬਚਨ 'ਰੂਪ'

(੧)

ਮੈਂ 'ਈਸਾ' ਨਹੀਂ ਤੇਰੀ ਫ਼ੁਰਮਾਇਸ਼ੇ ਸੂਲੀ ਚੜ੍ਹਿਆ ਹਾਂ।
ਮੈਂ 'ਦਸਮੇਸ਼' ਨਹੀਂ ਜਬਰਾਂ ਜ਼ੁਲਮਾਂ ਸੰਗ ਲੜਿਆ ਹਾਂ।
ਮੈਂ 'ਅਰਜਨ' ਨਹੀਂ ਸਿਦਕੋ ਦੀ ਤਵੀ ਚੜ੍ਹ ਸੜਿਆ ਹਾਂ।
ਮੈਂ 'ਦੀਪ ਸਿੰਘ' ਨਹੀਂ ਸੀਸ ਤਲੀ ਧਰ ਲੜਿਆ ਹਾਂ।
ਮੈਂ 'ਭਗਤ' ਨਹੀਂ ਪਰ ਹੱਕਾਂ ਖਾਤਰ ਅੜਿਆ ਹਾਂ।
ਮੈਂ 'ਨਕਸਲੀਆ' ਨਹੀਂ ਲੋਕ ਯੁੱਧ ਮੂਹਰੇ ਹੋ ਲੜਿਆ ਹਾਂ।
ਮੈਂ 'ਸ਼ਿਵ' ਨਹੀਂ ਬ੍ਰਿਹੋਂ ਦੀ ਸ਼ਮਾਂ ਵਣੀ ਸੜਿਆ ਹਾਂ।
ਮੈਂ 'ਮਿਰਜ਼ਾ' ਨਹੀਂ ਤੇਰੀ ਖਾਤਰ ਬੱਕੀ ਚੜਿਆ ਹਾਂ।

(੨)

ਬਦਨਾਮ ਹੋਏ ਸਾਕੀ ਤੇਰੀ ਮਹਿਫ਼ਲ ਚੋਂ ਪੀ,
ਸਿੱਖ ਲਈ ਜਾਚ ਆਪੇ ਹੋਠਾਂ ਨੂੰ ਲਾਣ ਦੀ।
ਬਹੁਤ ਰੂਰੇ ਰੋੜੇ ਲਾਰਿਆਂ ਦੀ ਸੜਕ ਤੇ,
ਨਿਸਫ਼ਲ ਰਹੀ ਕੋਸ਼ਿਸ਼ ਮੀਲ ਪੱਥਰ ਖਿਸਕਾਣ ਦੀ।
ਹਰ ਪਲ ਰਹੀ ਸੋਚ ਜ਼ੇਹਨ ਚੋਂ ਲਟਕਦੀ,
ਗ਼ਲਤੀ ਕਰ ਬੈਠੇ ਅੱਖਾਂ ਚ ਅੱਖਾਂ ਪਾਣ ਦੀ।
ਗ਼ੈਰਾਂ ਵਾਂਗ ਅਪਣਤ ਤੋਂ ਕਰ ਲਿਆ ਪਰਦਾ,
ਗਈ ਨਾ ਆਦਤ ਤੇਰੀ ਪਾ ਭਰਮਾਣ ਦੀ।
ਅੱਖੜ ਕਦਮ ਮੰਜ਼ਿਲ ਵਲ ਵੱਧਦ ਰਹਿਣਗੇ.
ਕੇਹੜਾ ਕਰੂ ਹਿੰਮਤ ਇਨ੍ਹਾਂ ਦੇ ਰਾਹ ਚੋਂ ਆਣ ਦੀ।
ਇਸ਼ਕ ਨੇ ਸਿੱਖ ਲਿਆ ਸਿਦਕ ਦਾ ਕਾਲਾ ਇਲਮ,
ਕੇਹੜਾ ਕਰੂ ਜੁਰਅਤ ਇਸ ਨੂੰ ਵਰਗਲਾਣ ਦੀ।

ਪਿੰਡ—ਗਾਜੀਪੁਰ
ਡਾ:—ਚਮਿਆਰਾ
ਜ਼ਿਲਾਂ—ਜਲੰਧਰ-੧੪੪੦੦੯

REPUTED MANUFACTURERS OF :

SUPERIOR QUALITY

SINGLE BARREL &

DOUBLE BARREL

B. L. 12 BORE

GUNS

Grams : SNIPER Phone : 3805

MODERN GUN WORKS

Opp. Industrial Estate,

JAMMU CANTT.



Sri Satguru Jagjit Singh Ji Elibrary NamdhariElibrary@gmail.com

ਗੱਲਾਂ ਬਾਤਾਂ :

# ਲੇਖਕ ਨਾਲ ਗੁਫ਼ਤਗੂ

—ਨਿਰਵੈਰ ਸਿੰਘ

ਆਪਣੇ ਖੋਜਪਤਰ 'ਨਾਵਲਕਾਰ ਜਸਵੰਤ ਸਿੰਘ ਵਿਰਦੀ' ਵਾਸਤੇ ਮੈਂ 'ਆਹਮੋਸਾਹਮਣੇ, ਅਧਿਆਇ ਲਈ ਵਿਰਦੀ ਹੋਰਾਂ ਨਾਲ ਜਿਹੜੀ ਸੰਖੇਪ ਮੁਲਾਕਾਤ ਕੀਤੀ ਸੀ, ਉਸ ਦਾ ਖਾਕਾ ਪਾਠਕਾਂ ਦੀ ਦਿਲਚਸਪੀ ਲਈ ਪੇਸ਼ ਕਰ ਰਿਹਾ ਹਾਂ। —ਨਿਰਵੈਰ ਸਿੰਘ

**ਬਚਪਨ ਤੋਂ ਲੈ ਕੇ ਹੁਣ ਤੱਕ ਤੁਹਾਨੂੰ ਬੜੀਆਂ ਤੰਗੀਆਂ ਤੁਰਸ਼ੀਆਂ ਦਾ ਸਾਹਮਣਾ ਕਰਨਾ ਪਿਆ ਹੈ। ਜੀਵਨ ਦੀਆਂ ਇਨ੍ਹਾਂ ਮਜਬੂਰੀਆਂ ਵਿਚੋਂ ਵਿਚਰਦਿਆਂ ਹਰ ਲੇਖਕ ਦੇ ਪਾਤਰ ਬੜੇ ਅਗਰਗਾਮੀ ਹੁੰਦੇ ਹਨ। ਤੁਸੀਂ ਇਸ ਕਥਨ ਨਾਲ ਕਿਥੋਂ ਤਕ ਸਹਿਮਤ ਹੋ ?**

ਗੱਲ ਠੀਕ ਹੈ। ਔਖੇ ਹਾਲਾਤ ਲੇਖਕ ਨੂੰ ਸਖਤ ਜਾਨ ਬਣਾ ਦਿੰਦੇ ਨੇ। ਮੇਰੇ ਨਾਲ ਵੀ ਕੁਝ ਇਸੇ ਤਰ੍ਹਾਂ ਹੀ ਵਾਪਰਿਆ ਹੈ। ਜ਼ਿੰਦਗੀ 'ਚ ਕਦੀ ਵੀ ਸੁਖਾਵੇਂ, ਹਾਲਾਤ ਨਸੀਬ ਨਹੀਂ ਹੋਏ ਅਤੇ ਕਿਸੇ ਮੌਕੇ ਵੀ ਬਿਨਾ ਮਿਹਨਤ ਦੇ ਫਲ ਦੀ ਪ੍ਰਾਪਤ ਨਹੀਂ ਹੋਈ। ਕਈ ਵਾਰ ਮਿਹਨਤ ਕਰਕੇ ਵੀ ਨਹੀਂ ਹੋਈ। ਪਰ ਜਿਵੇਂ ਕਹਿੰਦੇ ਨੇ ਕਿ ਮਿਹਨਤ ਕਰਨ ਵਾਲਿਆਂ ਤੇ ਕੁਦਰਤ ਦੀ ਬੜੀ ਮਿਹਰ ਹੁੰਦੀ ਹੈ। ਕੁਦਰਤ ਮੇਰੇ ਤੇ ਵੀ ਹਰ ਦਮ ਮਿਹਰਬਾਨ ਰਹੀ ਹੈ।

ਮੇਰੀਆਂ ਰਚਨਾਵਾਂ ਵਿਚ ਕੁਝ ਪਾਤਰ ਅਜਿਹੇ ਜ਼ਰੂਰ ਆਏ ਹਨ ਜਿਨ੍ਹਾਂ ਨੇ ਮੈਨੂੰ ਹੋਰ ਵੀ ਤਕੜਿਆਂ ਕੀਤਾ ਹੈ। ਮਿਹਨਤੀ ਬੰਦਾ ਹਰ ਹਾਲਤ ਵਿਚ ਅਗਰਗਾਮੀ ਹੁੰਦਾ ਹੈ।

**ਸ: ਤੁਹਾਡੇ ਨਾਵਲਾਂ ਦੇ ਐਸੇ ਅਗਰਗਾਮੀ ਪਾਤਰ ਤੁਹਾਡਾ ਆਪਣਾ ਹੀ ਅਕਸ ਨਹੀਂ ਹੁੰਦੇ ? ਖਾਸ ਕਰਕੇ ਤੁਹਾਡੇ ਨਾਵਲ "ਵਿਖਰੇ ਵਿਖਰੇ" ਵਿਚਲਾ ਪਾਤਰ "ਮੈਂ" ਤਾਂ ਮੈਨੂੰ ਤੁਹਾਡਾ ਹੀ ਪ੍ਰਤਿਬਿੰਬ ਜਾਪਦਾ ਹੈ।**

ਇਹ ਗੱਲ ਵੀ ਠੀਕ ਹੈ। ਨਾਵਲ ਵਿਖਰੇ ਵਿਖਰੇ ਦਾ ਨਾਇਕ ਅਸਲ ਵਿਚ ਮੈਂ ਹੀ ਹਾਂ, ਪਰ ਉਸ ਵੇਲੇ ਜਿਸ ਤਰ੍ਹਾਂ ਮੈਂ ਬਹੁਤਾ ਸਪਸ਼ਟ ਨਹੀਂ ਸੀ ਹੋ ਸਕਿਆ, ਉਸੇ ਤਰ੍ਹਾਂ ਹੀ ਇਸ ਨਾਵਲ ਦਾ ਪਾਤਰ ਵੀ ਬਹੁਤਾ ਸਪਸ਼ਟ ਨਹੀਂ ਹੈ। ਪਰ ਉਹ ਹਾਲਾਤ ਦੀ ਤਲਖੀ ਤੇ ਤਪਸ਼ ਨੂੰ ਜ਼ਰੂਰ ਮਹਿਸੂਸ ਕਰਦਾ ਹੈ। ਸਾਡੇ 'ਚੋਂ ਕਿੰਨੇ ਲੋਕ ਇਸ ਤਰ੍ਹਾਂ ਮਹਿਸੂਸ ਕਰਦੇ ਨੇ ?

ਵਿਖਰੇ ਵਿਖਰੇ ਮੈਂ ਦਿੱਲੀ ਜਾਣ ਤੋਂ ਪਹਿਲਾਂ ਲਿਖਿਆ ਸੀ ਤੇ ਉਦੋਂ ਇਥੇ ਅਧਿਆਪਕਾਂ ਲਈ ਹਾਲਾਤ ਠੀਕ ਨਹੀਂ ਸਨ। ਮੇਰਾ ਨਾਇਕ ਹਾਲਾਤ ਦਾ ਕਾਫੀ ਹਦ ਤਕ ਸ਼ਿਕਾਰ ਹੋ ਗਿਆ, ਪਰ ਮੈਂ ਨਹੀਂ ਹੋਇਆ ਕਿਉਂਕਿ ਮੈਂ ਹਾਲਾਤ ਬਦਲ ਲਏ, ਜਦੋਂ ਕਿ ਉਹ ਨਹੀਂ ਬਦਲ ਸਕਿਆ। ਪਰ ਫੇਰ ਵੀ ਉਹ ਘੋਲ ਜ਼ਰੂਰ ਕਰਦਾ ਹੈ।

**ਮੁਢਲੀਆਂ ਕਹਾਣੀਆਂ ਵਿਚ ਪੇਂਡੂ ਜੀਵਨ ਦੀ ਯਥਾਰਥਕਤਾ ਨੂੰ ਤੁਸੀਂ ਬੜੀ ਸਫ਼ਲਤਾ ਨਾਲ ਬਿਆਨਿਆ ਹੈ। ਪਰ ਬਾਦ ਦੀਆਂ ਕਹਾਣੀਆਂ ਵਿਚ ਤੇ ਸਾਰੀਆਂ ਨਾਵਲ ਰਚਨਾਵਾਂ ਵਿਚ ਤੁਸੀਂ ਸ਼ਹਿਰੀ ਮੱਧ-ਸ਼੍ਰੇਣੀ ਦੇ ਜੀਵਨ ਨੂੰ ਹੀ ਕਿਉਂ ਆਪਣਾ ਆਧਾਰ ਬਣਾਇਆ ?**

ਸ਼ੁਰੂ ਵਿਚ ਮੈਂ ਆਪਣੇ ਪਿੰਡ ਰਹਿੰਦਾ ਸਾਂ, ਇਸ ਕਰਕੇ ਪਿੰਡ ਦਾ ਜੀਵਨ ਹੀ ਕਹਾਣੀਆਂ ਦਾ ਆਧਾਰ ਬਣਿਆ। ਨਾਲੇ ਪਿੰਡਾਂ ਦਾ ਜੀਵਨ ਸਦੀਆਂ ਤੋਂ ਸਾਡਾ ਯਥਾਰਥ ਬਣਿਆਂ ਹੋਇਆ ਹੈ। ਉਹ ਸਾਡੇ ਸੰਸਕਾਰਾਂ ਵਿਚ ਰਚਿਆ ਹੋਇਆ ਹੈ। ਪਰ ਸ਼ਹਿਰੀ ਜੀਵਨ ਦਾ ਵੀ ਆਪਣਾ ਵਿਲਖਣ ਰੂਪ ਹੈ ਅਤੇ ਉਸ ਦੇ ਅਨੁਭਵ ਨੂੰ ਸ਼ਿਦਤ ਨਾਲ ਮਹਿਸੂਸ ਕਰਕੇ ਮੈਂ ਉਸ ਬਾਰੇ ਕਾਫੀ ਕੁਝ ਲਿਖਿਆ। ਪਰ ਕੁਝ ਇਸ ਤਰ੍ਹਾਂ ਨਹੀਂ ਕਿ ਆਪਣੇ ਆਪ ਨੂੰ ਦੁਹਰਾਈ ਜਾਵਾਂ।

ਸ਼ਹਿਰਾਂ ਵਿਚ ਕਿਰਤੀਆਂ ਦੇ ਇਲਾਵਾ ਮਧਸ਼੍ਰੇਣੀ ਹੀ ਹੈ। ਇਸ ਲਈ ਜੇਕਰ ਸ਼ਹਿਰ ਦੀ ਜ਼ਿੰਦਗੀ ਬਾਰੇ ਲਿਖਣਾ



Sri Satguru Jagjit Singh Ji Elibrary NamdhariElibrary@gmail.com

ਹੋਵੇ ਤਾਂ ਮਧ ਸ਼੍ਰੇਣੀ ਦਾ ਜੀਵਨ ਪੇਸ਼ ਕਰਨਾ ਜ਼ਰੂਰੀ ਹੈ। ਇਸ ਤੋਂ ਬਗ਼ੈਰ ਰਚਨਾ ਦਾ ਪ੍ਰਤਿਨਿਧ ਸਰੂਪ ਨਿਖਰਕੇ ਸਾਹਮਣੇ ਨਹੀਂ ਆਉਂਦਾ।

**ਪਹਿਲੀਆਂ ਵਿਚ ਪ੍ਰੇਮ ਪ੍ਰਕਾਸ਼.ਮ ਹਿਰਮਜਾਰ ਤੇ ਤੁਸੀਂ ਜਲੰਧਰ ਦੀ 'ਤਿਕੜੀ' ਕਰਕੇ ਮਸ਼ਹੂਰ ਹੋਏ। ਹਰੇਕ ਲੇਖਕ ਆਪਣੇ ਕਿਸੇ ਪੂਰਵਰਜੀ ਲੇਖਕ ਤੋਂ ਕਈ ਤਰ੍ਹਾਂ ਦੇ ਪ੍ਰਭਾਵ ਗ੍ਰਹਿਣ ਕਰਦਾ ਹੈ। ਤੁਸੀਂ ਕਿਹੜੇ ਕਿਹੜੇ ਨਾਵਲਕਾਰਾਂ ਦਾ ਪ੍ਰਭਾਵ ਕਿਥੋਂ ਤੱਕ ਗ੍ਰਹਿਣ ਕੀਤਾ ?**

ਸ਼ੁਰੂ ਵਿਚ ਮੈਂ ਨਾਵਲ ਨਹੀਂ, ਕਹਾਣੀਆਂ ਲਿਖਣੀਆਂ ਸ਼ੁਰੂ ਕੀਤੀਆਂ ਸਨ। ਉਦੋਂ ਇਹ ਖਿਆਲ ਹੀ ਨਹੀਂ ਸੀ ਕਿ ਕਿਸੇ ਵੇਲੇ ਨਾਵਲ ਵੀ ਲਿਖਾਂਗਾ। ਨਾਵਲ ਤਾਂ ਹਾਲਾਤ ਦੇ ਪ੍ਰਭਾਵ ਨੇ ਲਿਖਵਾਏ ਨੇ।

ਪੰਜਾਬੀ ਵਿਚੋਂ ਮੇਰੇ ਤੇ ਕਿਸੇ ਦਾ ਵੀ ਅਸਰ ਨਹੀਂ ਹੋਇਆ। ਹਾਂ ਪ੍ਰੇਮ ਚੰਦ ਨੂੰ ਪੜ੍ਹਕੇ ਹੀ ਸਹੀ ਅਰਥਾਂ ਵਿਚ ਸਾਹਿਤ ਦੇ ਯਥਾਰਥ ਨੂੰ ਜਾਣਿਆਂ ਤੇ ਮਨ ਵਿਚ ਇਹ ਇੱਛਾ ਬਣੀ ਰਹੀ ਕਿ ਉਸੇ ਵਾਂਗ ਹੀ ਨਾਵਲਾਂ ਵਿਚ ਯਥਾਰਥ ਨੂੰ ਪੇਸ਼ ਕੀਤਾ ਜਾਵੇ ਪਰ ਇਹ ਔਖਾ ਕੰਮ ਹੈ।

ਨਾਵਲਕਾਰਾਂ ਵਿਚੋਂ ਮੈਨੂੰ ਅਰਨੈਸਟ ਹੈਮਿੰਗਵੇ ਬਹੁਤ ਪਸੰਦ ਹੈ। ਖਾਸ ਕਰਕੇ 'ਬੁਢਾ ਤੇ ਸਮੁੰਦਰ' ਨੇ ਮੇਰੇ ਨਾਵਲਾਂ ਦੀ ਤਕਨੀਕ ਨੂੰ ਵਿਲਖਣ ਰੂਪ ਦੇਣ 'ਚ ਕਾਫੀ ਮਦਦ ਕੀਤੀ ਹੈ।

**ਆਪਣੀਆਂ ਨਾਵਲੀ ਰਚਨਾਵਾਂ ਵਿਚ ਤੁਸੀਂ ਨਗਰਾਂ ਤੇ ਮਹਾਂ ਨਗਰਾਂ ਦੇ ਜੀਵਨ ਨੂੰ ਕਿੰਨਾ ਕਿੰਨਾਂ ਪ੍ਰਸਥਿਤੀਆਂ ਵਿਚ ਰੱਖ ਕੇ ਮਹਿਸੂਸਿਆ ਤੇ ਚਿਤਰਿਆ ਹੈ ?**

ਸਾਡੇ ਦੇਸ਼ ਵਿਚ ਹਾਲੇ ਨਗਰ ਜੀਵਨ ਪੂਰੀ ਤਰ੍ਹਾਂ ਸਥਾਪਤ ਨਹੀਂ ਹੋਇਆ, ਸਿਵਾਏ ਇਕ-ਦੋ ਸ਼ਹਿਰਾਂ ਦੇ। ਬਾਕੀ ਸ਼ਹਿਰ ਹਾਲੇ ਤਕ ਵੀ ਪੇਂਡੂ ਜੀਵਨ ਦਾ ਹੀ ਆਧੁਨਿਕ ਵਿਸਥਾਰ ਹਨ। ਉਥੇ ਪੇਂਡੂ ਤੇ ਸ਼ਹਿਰੀ ਜੀਵਨ ਨਾਲੋ-ਨਾਲ ਚਲ ਰਿਹਾ ਹੈ।

ਮਹਾਨਗਰ ਦੇ ਜੀਵਨ ਵਿਚ ਮੈਨੂੰ ਅਡਰੇਪਨ ਅਤੇ ਅਜਨਬੀਪਨ ਦੀ ਭਾਵਨਾ ਨੇ ਬਹੁਤ ਬੁਰੀ ਤਰ੍ਹਾਂ ਝੰਜੋੜਿਆ ਹੈ। ਇਹ ਭਾਵਨਾ ਮੈਂ ਦਿੱਲੀ ਵਿਚ ਵੀ ਵੇਖੀ ਹੈ ਅਤੇ ਬੰਬਈ ਵਿਚ ਵੀ ਮਹਿਸੂਸ ਕੀਤੀ ਹੈ। ਮੇਰੀਆਂ ਬਹੁਤੀਆਂ ਰਚਨਾਵਾਂ ਦਾ ਆਧਾਰ ਇਹ ਭਾਵਨਾ ਹੀ ਹੈ। ਪਰ, ਇਹ ਭਾਵਨਾ ਕਿਸੇ ਇਕ ਵਿਅਕਤੀ ਦੀ ਦੇਣ ਨਹੀਂ, ਸਗੋਂ ਸਮੁਚੇ ਨਗਰ ਜੀਵਨ ਦੀ ਭਾਰੀ ਹੈ।

**ਕਹਾਣੀ ਵਿਚ ਤੁਹਾਡਾ ਸਥਾਨ ਤਾਂ ਬਣ ਹੀ ਚੁੱਕਾ ਹੈ। ਫਿਰ ਤੁਸੀਂ ਆਪਣੇ ਵਿਚਾਰਾਂ ਦੀ ਅਭਿਵਿਅਕਤੀ ਲਈ ਸਾਹਿਤ ਦੇ ਇਸ ਰੂਪ "ਨਾਵਲ" ਨੂੰ ਕਿਉਂ ਚੁਣਿਆ ? ਤੁਹਾਡੇ ਖਿਆਲ ਵਿਚ ਨਾਵਲ ਰਾਹੀਂ ਤੁਸੀਂ ਆਪਣੀ ਗੱਲ ਵਧੀਆ ਤਰੀਕੇ ਨਾਲ ਕਹਿ ਸਕਦੇ ਸੀ ?**

ਮੇਰੇ ਨਾਵਲ ਵੀ ਅਸਲ ਵਿਚ ਕਹਾਣੀਆਂ ਦੇ ਵਿਸਤ੍ਰਿਤ ਰੂਪ ਹੀ ਹਨ। ਜਿਥੇ ਮੈਂ ਮਹਿਸੂਸ ਕੀਤਾ ਕਿ ਕਿਸੇ ਗੱਲ ਨੂੰ ਵਧੇਰੇ ਵਿਸਥਾਰ ਨਾਲ ਪੇਸ਼ ਕਰਨ ਦੀ ਲੋੜ ਹੈ, ਉਥੇ ਨਾਵਲ ਦੇ ਰੂਪ ਦਾ ਇਸਤੇਮਾਲ ਕਰਨ ਦਾ ਯਤਨ ਕੀਤਾ। ਪਰ ਮੈਂ ਆਪਣੇ ਆਪ ਨੂੰ ਉਸ ਤਰ੍ਹਾਂ ਦਾ ਨਾਵਲਕਾਰ ਨਹੀਂ ਸਮਝਦਾ ਜਿਵੇਂ ਕਿ ਪੰਜਾਬੀ ਦੇ ਕੁਝ ਲੇਖਕ ਆਪਣੇ ਆਪ ਨੂੰ ਸਮਝਣ ਲਗ ਪਏ ਨੇ।

ਮੈਂ ਸਮਝਦਾ ਹਾਂ ਕਿ ਕਹਾਣੀ ਰਾਹੀਂ ਵੀ ਜ਼ੋਰਦਾਰ ਢੰਗ ਨਾਲ ਗੱਲ ਕਹੀ ਜਾ ਸਕਦੀ ਹੈ ਪਰ ਨਾਵਲ ਵਿਚ ਵਿਸ਼ੇ ਦੇ ਵਿਸਥਾਰ ਅਤੇ ਘਟਨਾਵਾਂ ਦੇ ਟਕਰਾਉ ਵਾਸਤੇ ਕਾਫੀ ਮੌਕਾ ਹੁੰਦਾ ਹੈ। ਕਹਾਣੀ ਕਈ ਵਾਰ ਆਮ ਆਦਮੀ ਦੀ ਸਮਝ ਤੋਂ ਬਾਹਰ ਵੀ ਰਹਿ ਜਾਂਦੀ ਹੈ, ਪਰ ਨਾਵਲ ਆਮ ਆਦਮੀ ਤਕ ਲੇਖਕ ਦੀ ਗੱਲ ਨੂੰ ਲੈ ਜਾਂਦਾ ਹੈ।

**ਪੱਛਮ ਦੀ ਦੇਣ ਫੈਂਟਸੀ ਤਕਨੀਕ ਪੰਜਾਬੀ ਨਾਵਲ ਵਿਚ ਕਦੋਂ ਪ੍ਰਵੇਸ਼ ਹੋਈ ਅਤੇ ਤੁਸੀਂ ਕਿਥੋਂ ਤੱਕ ਇਸ ਤਕਨੀਕ ਤੋਂ ਪ੍ਰਭਾਵਿਤ ਹੋਏ ?**

ਫੈਂਟੇਸੀ ਤਕਨੀਕ ਆਪਣੇ ਮੂਲ ਰੂਪ ਵਿਚ ਪਛਮ ਦੀ ਦੇਣ ਨਹੀਂ, ਸਗੋਂ ਪੰਚਤੰਤਰ ਦੀਆਂ ਕਹਾਣੀਆਂ ਵਿਚ ਵੀ ਫੈਂਟੇਸੀ ਦੀ ਤਕਨੀਕ ਦੀ ਹੀ ਵਰਤੋਂ ਕੀਤੀ ਗਈ ਹੈ। ਪਰ ਆਧੁਨਿਕ ਰੂਪ ਵਿਚ ਫੈਂਟੇਸੀ ਸਭ ਤੋਂ



Sri Satguru Jagjit Singh Ji Elibrary NamdhariElibrary@gmail.com

ਪਹਿਲਾਂ ਦਾਸਤੋਵਸਕੀ ਦੀਆਂ ਰਚਨਾਵਾਂ ਵਿਚ ਪ੍ਰਗਟ ਹੋਈ ਤੇ ਫੇਰ ਮਹਾਨ ਜਰਮਨ ਭਾਸ਼ਾ ਦੇ ਲੇਖਕ ਫਰਾਂਜ਼ ਕਾਫਕਾ ਨੇ ਆਪਣੀਆਂ ਕਹਾਣੀਆਂ ਤੇ ਨਾਵਲ (The Trial ਅਤੇ The Castle) ਵਿਚ ਇਸ ਤਕਨੀਕ ਨੂੰ ਲਿਆਂਦਾ। ਉਸ ਕੋਲੋਂ ਫਰਾਂਸੀਸੀ ਲੇਖਕ ਸਾਰਤਰ ਅਤੇ ਕਾਮੂ ਨੇ ਪ੍ਰਭਾਵ ਗ੍ਰਹਿਣ ਕੀਤਾ, ਤੇ ਫੇਰ ਇਹ ਤਕਨੀਕ ਵਿਸ਼ਵ ਸਾਹਿਤ ਵਿਚ ਫੈਲ ਗਈ।

ਹਾਲੇ ਤਕ ਫੈਂਟੇਸੀ ਤਕਨੀਕ ਪੰਜਾਬੀ ਨਾਵਲ ਵਿਚ ਨਹੀਂ ਆਈ ਕਿਉਂਕਿ ਪੰਜਾਬੀ ਲੇਖਕ ਇਸ ਤਕਨੀਕ ਨਾਲ ਗੱਲ ਕਰਨ ਨੂੰ ਚੰਗਾ ਨਹੀਂ ਸਮਝਦੇ। ਇਸ ਲਈ ਹਾਲੇ ਇਹ ਦਾਵਾ ਨਹੀਂ ਕੀਤਾ ਜਾ ਸਕਦਾ ਕਿ ਪੰਜਾਬੀ ਵਿਚ ਇਹ ਤਕਨੀਕ ਆ ਗਈ ਹੈ।

ਮੈਂ ਆਪਣੇ ਨਾਵਲ 'ਅੰਦਰਲੇ ਦਰਵਾਜ਼ੇ' ਅਤੇ 'ਕੰਢਿਆਂ ਤੇ ਤੁਰਨਾ' ਇਸੇ ਤਕਨੀਕ ਨਾਲ ਲਿਖੇ ਹਨ।

**ਚੇਤੰਨਤਾ ਪ੍ਰਵਾਹ (Stream of Consciousness) ਤਕਨੀਕ ਅਜੋਕੇ ਪੰਜਾਬੀ ਨਾਵਲ ਵਿਚ ਇਕ ਨਵਾਂ ਪ੍ਰਯੋਗ ਹੈ। ਅਜ ਦੇ ਕਿਹੜੇ ਕਿਹੜੇ ਪੰਜਾਬੀ ਨਾਵਲਕਾਰ ਇਸਦਾ ਪ੍ਰਯੋਗ ਕਰ ਰਹੇ ਹਨ।**

ਚੇਤੰਨਤਾ ਪ੍ਰਵਾਹ ਸਦਾ ਹੀ ਸਾਹਿਤ ਦਾ ਹਿੱਸਾ ਰਹੀ ਹੈ, ਇਸ ਲਈ ਇਸ ਨੂੰ ਕੋਈ ਨਵਾਂ ਪ੍ਰਯੋਗ ਹੀ ਨਹੀਂ ਕਿਹਾ ਜਾ ਸਕਦਾ। ਜਿਹੜੇ ਲੇਖਕ ਕਹਿੰਦੇ ਨੇ, ਉਹ ਭੁਲ ਕਰਦੇ ਨੇ। ਚੇਤੰਨਤਾ ਪ੍ਰਵਾਹ ਤਾਂ ਸ: ਨਾਨਕ ਸਿੰਘ ਦੇ ਨਾਵਲਾਂ ਵਿਚ ਵੀ ਹੈ ਅਤੇ ਸ: ਸੁਰਜੀਤ ਸਿੰਘ ਸੇਠੀ ਦੇ ਨਾਵਲਾਂ ਵਿਚ ਵੀ ਹੈ।

ਕੇਵਲ ਚੇਤਨਤਾ ਪ੍ਰਵਾਹ ਦੀ ਤਕਨੀਕ ਨਾਲ ਗਲ ਨਹੀਂ ਕੀਤੀ ਜਾ ਸਕਦੀ। ਇਕ ਨਾਵਲ ਦੀ ਰਚਨਾ ਵਿਚ ਕਈ ਤਕਨੀਕੀ ਪਹਿਲੂ ਰਚੇ ਮਿਚੇ ਹੋਏ ਹੁੰਦੇ ਨੇ।

ਨਵੇਂ ਲੇਖਕਾਂ ਵਿਚੋਂ ਸੁਖਬੀਰ, ਸੁਰਜੀਤ ਸਿੰਘ ਸੇਠੀ ਅਤੇ ਦੇਵਿੰਦਰ ਇਸ ਤਕਨੀਕ ਰਾਹੀਂ ਲਿਖਣ ਵਾਲੇ ਲੇਖਕ ਹਨ।

**ਕੋਈ ਸ਼ੱਕ ਨਹੀਂ ਕਿ ਤੁਸੀਂ ਇਕ ਪ੍ਰਤਿਭਾਸ਼ੀਲ ਲੇਖਕ ਹੋ। ਕਿਹਾ ਜਾਂਦਾ ਹੈ ਕਿ ਇਕ ਲੇਖਕ ਦੇ ਰਚਨਾ-ਪੰਧ ਵਿਚ ਕਈ ਔਕੜਾਂ ਆਉਂਦੀਆਂ ਹਨ। ਕਈ ਤਰ੍ਹਾਂ ਦੀਆਂ ਮਜਬੂਰੀਆਂ ਨਾਲ ਉਸਨੂੰ ਜੂਝਣਾ ਪੈਂਦਾ ਹੈ। ਉਹ ਕਿਹੜੀਆਂ ਮਜਬੂਰੀਆਂ ਨੇ?**

ਸਭ ਤੋਂ ਪਹਿਲਾਂ ਲੇਖਕ ਸਾਹਮਣੇ ਹਾਲਾਤ ਦੀ ਮਜਬੂਰੀ ਹੁੰਦੀ ਹੈ। ਇਸ ਦਾ ਸਿੱਧਾ ਜਿਹਾ ਮਤਲਬ ਇਹ ਹੈ ਕਿ ਉਸ ਦੇ ਚੌਗਿਰਦੇ ਖਾਸ ਤੌਰ ਤੇ ਹਾਲਾਤ ਇਸ ਤਰ੍ਹਾਂ ਦੇ ਸੁਖਾਵੇਂ ਨਹੀਂ ਹੁੰਦੇ ਕਿ ਉਹ ਸੌਖੀ ਤਰ੍ਹਾਂ ਅਮਨ ਸ਼ਾਂਤੀ ਵਿਚ ਦਿਨ ਕਟੀ ਕਰਕੇ ਲੇਖਕ ਬਣਿਆ ਰਹਿ ਸਕੇ। ਹਾਲਾਤ ਵਿਚ ਘਰੇਲੂ ਹਾਲਾਤ ਵੀ ਹੁੰਦੇ ਨੇ। ਇਹ ਹਾਲਾਤ ਆਮ ਤੌਰ ਤੇ ਲੇਖਕ ਦੀ ਪ੍ਰਤਿਭਾ ਨੂੰ ਤਬਾਹ ਕਰ ਦਿੰਦੇ ਨੇ ਕਿਉਂਕਿ ਲੇਖਕ ਇਨ੍ਹਾਂ ਨਾਲ ਲੜਦਾ ਹੋਇਆ ਹੰਭ ਜਾਂਦਾ ਹੈ।

ਪੰਜਾਬੀ ਲੇਖਕ ਨੂੰ ਤਾਂ ਆਪਣੀ ਰਚਨਾ ਦੀ ਮਿਹਨਤ ਵੀ ਕਦੀ ਨਹੀਂ ਮਿਲਦੀ, ਇਸ ਕਰਕੇ ਉਹ ਕੁਝ ਵਧੇਰੇ ਹੀ ਜੂਝਦਾ ਹੈ। ਜੇਕਰ ਲੇਖਕ ਜੂਝ ਜਾਵੇ ਤਾਂ ਉਹ ਜਿੱਤ ਜਾਂਦਾ ਹੈ ਪਰ ਜੇਕਰ ਭਾਜ ਖਾ ਜਾਵੇ, ਅਤੇ ਜਾਂ ਪਲਾਇਨ ਕਰ ਜਾਵੇ ਤਾਂ ਫੇਰ ਉਹਦੇ ਸਾਰੇ ਹੀ ਹਾਲਾਤ ਮਜਬੂਰੀਆਂ ਹੁੰਦੇ ਨੇ।

**ਹਰ ਲੇਖਕ ਨੂੰ ਇਕ ਪ੍ਰਤਿਭਾਸ਼ੀਲ ਲੇਖਕ ਦੇ ਤੌਰ ਤੇ ਸਥਾਪਤ ਹੋਣ ਲਈ ਕਿਨ੍ਹਾਂ ਪ੍ਰਸਥਿਤੀਆਂ ਵਿਚੋਂ ਲੰਘਣਾ ਪੈਂਦਾ ਹੈ?**

ਜੀਊਂਦੇ ਜੀਅ ਲੇਖਕ ਕਦੀ ਵੀ ਸਥਾਪਤ ਨਹੀਂ ਹੁੰਦਾ। ਪੰਜਾਬੀ ਵਿਚ ਤਾਂ ਕਦੀ ਵੀ ਕੋਈ ਲੇਖਕ ਸਥਾਪਤ ਨਹੀਂ ਹੁੰਦਾ। ਉਂਜ, ਲੇਖਕ ਵਾਸਤੇ ਵੀ ਉਹੋ ਹੀ ਪ੍ਰਸਥਿਤੀਆਂ ਹੁੰਦੀਆਂ ਨੇ, ਜੋਕਿ ਇਕ ਆਮ ਆਦਮੀ ਨੂੰ ਜੀਵਨ ਵਿਚ ਸਫਲ ਹੋਣ ਵਾਸਤੇ ਪੇਸ਼ ਆਉਂਦੀਆਂ ਨੇ, ਪਰ ਉਹ ਉਨ੍ਹ ਬਾਰੇ ਕਹਿ ਨਹੀਂ ਸਕਦਾ, ਤੇ ਲੇਖਕ ਬੋਲਕੇ, ਲਿਖਕੇ ਲੋਕਾਂ ਨੂੰ ਦਸ ਦਿੰਦਾ ਹੈ।

ਪ੍ਰਤਿਭਾਸ਼ੀਲ ਲੇਖਕ ਉਹੋ ਹੀ ਹੈ ਜੋਕਿ ਵਕਤ ਦੀ ਨਬਜ਼ ਨੂੰ ਪਛਾਣਦਾ ਤੇ ਲੋਕਾਂ ਦੇ ਦੁਖਾਂ ਸੁਖਾਂ ਬਾਰੇ ਲਿਖਦਾ ਹੈ। ਸਥਾਪਤੀ ਲੇਖਕ ਦਾ ਉਦੇਸ਼ ਨਹੀਂ ਹੈ।


Sri Satguru Jagjit Singh Ji Elibrary NamdhariElibrary@gmail.com

**ਕਿਸੇ ਰਚਨਾ ਨੂੰ ਰਚਣ ਤੋਂ ਪਹਿਲਾਂ ਤੇ ਕਰਨ ਸਮੇਂ ਦੇ ਪਲ ਸੁਣਿਐ ਬੜੀ ਬੜੇ ਅਜੀਬ ਹੁੰਦੇ ਨੇ। ਤੁਸੀਂ ਇਨ੍ਹਾਂ ਰਚਨਾਤਮਕ ਛਿਣਾਂ ਵਿਚੋਂ ਵਿਚਰਦੇ ਸਮੇਂ ਕੀ ਮਹਿਸੂਸ ਕਰਦੇ ਹੋ ?**

ਰਚਨਾ ਤਮਕ ਕਾਰਨ ਦੇ ਪਲ ਸੱਚਮੱਚ ਬੜੇ ਹੀ ਅਜੀਬ ਹੁੰਦੇ ਨੇ, ਪਰ ਉਦੋਂ ਜੋ ਕੁਝ ਮਹਿਸੂਸ ਹੁੰਦਾ ਹੈ। ਉਹਦੇ ਬਾਰੇ ਬਿਆਨ ਨਹੀਂ ਕੀਤਾ ਜਾ ਸਕਦਾ।

**ਪਿਛਲੇ ਕਾਫੀ ਅਰਸੇ ਤੋਂ ਅਖਬਾਰਾਂ ਤੇ ਰਸਾਲਿਆਂ ਵਿਚ "ਪਾਣੀ ਦੇ ਸੱਪ" ਨਾਂਅ ਹੇਠ ਇਕ ਖਾਸ ਕਾਲਮ ਜਾਰੀ ਰਖਿਆ ਹੋਇਆ ਹੈ। ਜਿਸ ਵਿਚ ਤੁਸੀਂ ਵੱਖ ਵੱਖ ਲੇਖਕਾਂ ਤੇ ਕਲਾਕਾਰਾਂ ਨਾਲ ਬਿਤਾਏ ਕੁਝ ਪਲ ਜਾਂ ਉਨ੍ਹਾਂ ਬਾਰੇ ਕੁਝ ਯਾਦਾਂ ਸਾਡੇ ਪਾਠਕਾਂ ਨਾਲ ਸਾਂਝੀਆਂ ਕਰਦੇ ਹੋ। ਹੁਣ ਤਕ ਤੁਸੀਂ ਕਿੰਨੇ ਤੇ ਕਿੰਨ੍ਹਾਂ ਕਿੰਨ੍ਹਾ ਮਹਾਨ ਲੇਖਕਾਂ ਤੇ ਕਲਾਕਾਰਾਂ ਬਾਰੇ ਲਿੱਖ ਚੁਕੇ ਹੋ ?**

ਪਾਣੀ ਦੇ ਸੱਪ 'ਕਾਲਮ ਦੇ ਅੰਤਰਗਤ ਮੈਂ ਅਜੀਤ ਵਿਚ ਡੇਢ ਸਾਲ ਤੱਕ ਲਿਖਦਾ ਰਿਹਾ ਹਾਂ, ਅਤੇ ਤਕਰੀਬਨ ਸੱਤਰ ਲੇਖਕਾਂ ਬਾਰੇ ਲਿਖ ਚੁਕਾ ਹਾਂ। ਉਨ੍ਹਾਂ ਵਿਚ ਪੁਰਾਣੇ ਲੇਖਕ ਵੀ ਹਨ ਅਤੇ ਨਵੇਂ ਲੇਖਕ ਵੀ ਵੀ। ਮੈਂ ਕੇਵਲ ਉਸੇ ਬਾਰੇ ਹੀ ਲਿਖਿਆ ਹੈ, ਜਿਸ ਬਾਰੇ ਮੈਂ ਕੁਝ ਮਹਿਸੂਸ ਕੀਤਾ ਹੈ।

ਇਨ੍ਹਾਂ ਸਾਹਿਤਕ ਰੇਖਾਚਿਤਰਾਂ ਵਿਚ ਮੇਰਾ ਜਤਨ ਇਹੋ ਹੀ ਰਿਹਾ ਹੈ ਕਿ ਕਿਸੇ ਲੇਖਕ ਬਾਰੇ ਉਸਾਰੂ ਢੰਗ ਨਾਲ ਗੱਲ ਕੀਤੀ ਜਾਵੇ। ਖਾਸ ਕਰਕੇ, ਮੈਂ ਜਤਨ ਕੀਤਾ ਹੈ ਕਿ ਆਮ ਆਦਮੀ ਨੂੰ ਇਹ ਦਸਿਆ ਜਾਵੇ ਕਿ ਲੇਖਕ ਦੀ ਸਾਹਿਤਕ ਸ਼ਖਸੀਅਤ ਕਿਸ ਗੱਲ ਤੇ ਕਾਇਮ ਹੈ।

**ਤੁਹਾਡੇ ਖਿਆਲ ਅਨੁਸਾਰ ਤੁਸੀਂ ਇਨ੍ਹਾਂ ਵਿਚੋਂ ਕਿਸ ਤੋਂ ਜ਼ਿਆਦਾ ਪ੍ਰਭਾਵਤ ਹੋਏ ਹੋ ?**

ਪਾਣੀ ਦੇ ਸੱਪ' ਕਾਲਮ ਵਿਚ ਮੈਂ ਸਾਰੇ ਹੀ ਲੇਖਕਾਂ ਬਾਰੇ ਬੜੇ ਸਤਿਕਾਰ ਤੇ ਸ਼ਰਧਾ ਨਾਲ ਲਿਖਿਆ ਹੈ। ਮੈਂ ਹਰ ਉਸ ਲੇਖਕ ਦਾ ਪ੍ਰਸ਼ੰਸਕ ਹਾਂ, ਜੋਕਿ ਜ਼ਿੰਦਗੀ ਨੂੰ ਚੰਗੇਰਾ ਬਣਾਨ ਲਈ ਜਤਨ ਕਰਦਾ ਹੈ।

**ਉਹ ਲੇਖਕ ਜਾਂ ਕਲਾਕਾਰ ਜਿਹੜਾ ਇਸ ਦੁਨੀਆਂ ਵਿਚ ਨਹੀਂ ਹੁੰਦਾ, (ਜਿਵੇਂ ਸ਼ਿਵ, ਮੁਨਸ਼ੀ ਪ੍ਰੇਮ ਚੰਦ ਆਦਿ) ਤੇ ਤੁਸੀਂ ਉਨ੍ਹਾਂ ਦੇ ਸਕੈਚ ਲਿਖੇ ਹਨ। ਤੁਹਾਨੂੰ ਐਨੇ ਲੋਕਾਂ ਦੇ ਸਕੈਚ ਲਿਖਣ ਸਮੇਂ ਕਿਸੇ ਖਾਸ ਗੱਲ ਦਾ ਧਿਆਨ ਤਾਂ ਰਖਣਾ ਹੀ ਪੈਂਦਾ ਹੋਵੇਗਾ।**

ਪ੍ਰੇਮ ਚੰਦ ਵਰਗੇ ਮਹਾਨ ਕਲਾਕਾਰਾਂ ਨੂੰ ਮੈਂ ਕਦੀ ਨਹੀਂ ਮਿਲ ਸਕਿਆ, ਪਰ ਮੈਂ ਜੋ ਕੁਝ ਮਹਿਸੂਸ ਕੀਤਾ, ਉਹੋ ਹੀ ਲਿਖ ਦਿਤਾ। ਮਹਿਸੂਸ ਕਰਕੇ ਲਿਖਣਾ ਹੀ ਰਚਨਾ ਦਾ ਅਮਲ ਹੈ।

ਮੈਂ ਇਨ੍ਹਾਂ ਲੋਕਾਂ ਬਾਰੇ ਲਿਖਣ ਲਗਾ ਜਤਨ ਕਰਦਾ ਰਿਹਾ ਹਾਂ ਕਿ ਉਨ੍ਹਾਂ ਦੇ ਗੁਣਾਂ ਨੂੰ ਉਸਾਰੂ ਢੰਗ ਨਾਲ ਪੇਸ਼ ਕੀਤਾ ਜਾਵੇ।

**ਸੁਣਨ ਵਿਚ ਆਇਆ ਹੈ ਕਿ ਤੁਸੀਂ ਪੰਜਾਬੀ ਕਹਾਣੀ ਤੇ ਭਰਪੂਰ ਖੋਜ ਕਰਨਾ ਚਾਹੁੰਦੇ ਹੋ। ਪਰ ਸਾਡੀਆਂ ਯੂਨੀਵਰਸਿਟੀਆਂ ਦੇ ਕੁਝ ਕੁ ਅਧਿਕਾਰੀਆਂ ਕਰਕੇ ਤੁਹਾਨੂੰ ਮਾਯੂਸ ਹੋਣਾ ਪਿਆ। ਕੀ ਤੁਸੀ ਉਨ੍ਹਾਂ ਬਾਰੇ ਕੁਝ ਦਸ ਸਕੋਗੇ ?**

ਯੂਨੀਵਰਸਿਟੀਆਂ ਦਾ ਵਤੀਰਾ ਬਹੁਤਾ ਉਸਾਰੂ ਨਹੀਂ ਹੁੰਦਾ। ਇਸ ਲਈ ਹੋਰ ਕੁਝ ਵੀ ਕਹਿਣ ਦੀ ਲੋੜ ਨਹੀਂ।

ਹਾਂ, ਪੰਜਾਬੀ ਤੇ ਹਿੰਦੀ ਕਹਾਣੀ ਦੇ ਸਾਂਝੇ ਤੱਤਾਂ ਬਾਰੇ ਮੈਂ ਖੋਜ ਕਰਨੀ ਚਾਹੁੰਦਾ ਸਾਂ।

ਪਰ ਇਹ ਖੋਜ ਤਾਂ ਯੂਨੀਵਰਸਿਟੀਆਂ ਵਾਸਤੇ ਥੀਸਸ ਲਿਖਣ ਤੋਂ ਬਗੈਰ ਵੀ ਹੋ ਸਕਦੀ ਹੈ। ਪਰ ਹੁਣ ਸ਼ਾਇਦ ਮੈਂ ਇਹ ਕੰਮ ਨਾ ਕਰ ਸਕਾਂ। ਕਿਉਂਕਿ ਮੈਂ ਸਮਝਦਾ ਹਾਂ ਕਿ ਸਿਰਜਣਾਤਮਕ ਲੇਖਕ ਨੂੰ ਜ਼ਿੰਦਗੀ ਵਿਚੋਂ ਕੁਝ ਲਭਣਾ ਚਾਹੀਦਾ ਹੈ। ਅਕਾਦਮਿਕ ਖੋਜ ਉਨ੍ਹਾਂ ਲੋਕਾਂ ਦਾ ਕੰਮ ਹੈ ਜੋ ਕਿ ਮੌਲਿਕ ਨਹੀਂ ਲਿਖ ਸਕਦੇ।

**ਅਜੋਕੇ ਪੰਜਾਬੀ ਨਾਵਲ ਵਿਚ ਹੀ ਨਹੀਂ, ਕਹਾਣੀ-ਵਿਚ ਵੀ ਅਸ਼ਲੀਲਤਾ ਬਾਰੇ ਆਮ ਚਰਚਾ**


Sri Satguru Jagjit Singh Ji Elibrary NamdhariElibrary@gmail.com

**ਹੋ ਰਹੀ ਹੈ। ਸਾਹਿਤ ਵਿਚ ਅਸ਼ਲੀਲਤਾ ਤੋਂ ਤੁਸੀਂ ਕੀ ਭਾਵ ਲਵੋਗੇ ?**

ਲਿਖਣ ਵਾਲੇ ਲੋਕ ਸਦਾ ਲਿਖਦੇ ਰਹਿੰਦੇ ਨੇ, ਪਰ ਜਿਹੜੇ ਲਿਖ ਨਹੀਂ ਸਕਦੇ, ਉਹ ਹਰ ਵੇਲੇ ਚਰਚਾ ਵਾਸਤੇ ਕੋਈ ਵਿਸ਼ਾ ਲਭਦੇ ਨੇ। ਪੰਜਾਬੀ ਵਿਚ ਅਸ਼ਲੀਲਤਾ ਬਾਰੇ ਚਰਚਾ ਦਾ ਵੀ ਇਹੋ ਹੀ ਹੈ।

ਕਿਸੇ ਔਰਤ ਦੇ ਨਗਨ ਸਰੀਰ ਨੂੰ ਲਿਖਣਾ ਕੋਈ ਅਸ਼ਲੀਲਤਾ ਨਹੀਂ, ਪਰ ਜਦੋਂ ਲੇਖਕ ਉਸ ਬਿਆਨ ਨੂੰ ਚਟਖਾਰੇ ਲੈਕੇ, ਸੁਆਦ ਨਾਲ ਲਿਖਦਾ ਤੇ ਲੋਕਾਂ ਦੀ ਕਾਮ-ਭੁਖ ਨੂੰ ਭੜਕਾਣ ਦਾ ਜਤਨ ਕਰਦਾ ਹੈ, ਤਾਂ ਉਹਦੇ ਬਿਆਨ ਵਿਚ ਜ਼ਰੂਰ ਅਸ਼ਲੀਲਤਾ ਹੋਵੇਗੀ, ਭਾਵੇਂ ਉਹ ਕਿੰਨੇ ਵੀ ਸਾਊ ਸ਼ਬਦਾਂ ਵਿਚ ਗੱਲ ਕਰੇ। ਅਸ਼ਲੀਲਤਾ ਸ਼ਬਦਾਂ ਵਿਚ ਨਹੀਂ, ਲੇਖਕ ਦੇ ਬਿਆਨ ਵਿਚ ਹੁੰਦੀ ਹੈ।

**ਕੀ ਪੰਜਾਬੀ ਵਿਚ ਅਜੇਹਾ ਕੋਈ ਨਾਵਲ ਜਾਂ ਕਹਾਣੀ ਹੋਂਦ ਵਿਚ ਆਈ ? ਪੰਜਾਬੀ ਨਾਵਲ ਵਿਚ ਇਹ ਬੀਮਾਰੀ ਕਿਥੋਂ ਕੁ ਤੱਕ ਫੈਲੀ ਹੋਈ ਹੈ ?**

ਮੈਂ ਨਹੀਂ ਸਮਝਦਾ ਕਿ ਪੰਜਾਬੀ ਸਾਹਿਤ ਵਿਚ ਕੋਈ ਅਸ਼ਲੀਲ ਲਿਖ ਰਿਹਾ ਹੈ। ਜੇਕਰ ਕੋਈ ਲਿਖ ਵੀ ਰਿਹਾ ਹੈ ਤਾਂ ਉਹ ਸਾਹਿਤ ਦਾ ਹਿਸਾ ਨਹੀਂ ਹੈ। ਕਿਉਂਕਿ ਉਹੋ ਹੀ ਰਚਨਾ ਸਾਹਿਤ ਦਾ ਹਿੱਸਾ ਬਣ ਸਕਦੀ ਹੈ ਜੋਕਿ ਲੋਕਾਂ ਦੇ ਹਿਤ ਲਈ ਲਿਖੀ ਗਈ ਹੋਵੇ।

ਸਾਹਿਤ ਹੁੰਦਾ ਹੀ ਲੋਕਾਂ ਦੇ ਹਿਤ ਲਈ ਹੈ। ਪਰ ਅਸ਼ਲੀਲ ਰਚਨਾ ਸਾਹਿਤ ਨਹੀਂ ਬਣਦੀ।

**ਮੋਹਨ ਕਾਹਲੋਂ (ਕੋਰੀ ਨਦੀ ਦਾ ਗੀਤ) ਬੂਟਾ ਸਿਘ ਸ਼ਾਦ (ਕੁਤਿਆਂ ਵਾਲੇ ਸਰਦਾਰ) ਸੁਰਜੀਤ ਸਿੰਘ ਸੇਠੀ (ਆਬਰਾ-ਕਦਾਬਰਾ) ਰਾਮ ਸਰੂਪ ਅਣਖੀ (ਅੱਧਾ ਆਦਮੀ ਕਚਾ ਫੱਲ) ਆਦਿ ਦੀਆਂ ਕੁਝ ਨਾਵਲੀ ਰਚਨਾਵਾਂ ਤੇ ਅਸ਼ਲੀਲਤਾ ਦਾ ਦੋਸ਼ ਲਾਇਆ ਜਾਂਦਾ ਹੈ। ਤੁਸੀਂ ਇਸ ਬਾਰੇ ਕੀ ਕਹੋਗੇ ?**

ਜਿਨ੍ਹਾਂ ਲੇਖਕਾਂ ਦੀਆਂ ਰਚਨਾਵਾਂ ਦਾ ਜ਼ਿਕਰ ਕੀਤਾ ਗਿਆ ਹੈ, ਉਹ ਹਾਲੇ ਤਕ ਪੂਰੀ ਤਰ੍ਹਾਂ ਸਾਹਿਤਕ ਖੇਤਰ ਵਿਚ ਮਾਨਤਾ ਪ੍ਰਾਪਤ ਨਹੀਂ ਕਰ ਸਕੇ। ਇਨ੍ਹਾਂ ਵਿਚਾਰ ਅਧੀਨ ਰਚਨਾਵਾਂ ਕਰਕੇ ਤਾਂ ਬਿਲਕੁਲ ਹੀ ਨਹੀਂ। ਇਸ ਲਈ ਇਨ੍ਹਾਂ ਰਚਨਾਵਾਂ ਦਾ ਸਾਹਿਤ ਵਿਚ ਕੋਈ ਖਾਸ ਮਹੱਤਵ ਨਹੀਂ ਹੈ।

ਹਾਂ, ਇਹ ਕਿਥੋਂ ਤਕ ਅਸ਼ਲੀਲ ਹਨ, ਇਹਦੇ ਬਾਰੇ ਕਿਸੇ ਨੇ ਵੀ ਫਤਵਾ ਨਹੀਂ ਦਿਤਾ। ਮੈਂ ਹੀ ਕਿਉਂ ਦਿਆਂ ?

**ਵੇਖਣ ਵਿਚ ਆਇਆ ਹੈ ਕਿ ਸਾਡੇ ਕੁਝ ਕੁ ਲੇਖਕ ਆਪਣੇ ਨਾਵਲ ਵਪਾਰਕ ਪੱਖ ਨੂੰ ਮੁਖ ਰਖ ਕੇ ਲਿਖਦੇ ਹਨ। ਇਹ ਭਾਵਨਾ ਸਾਹਿਤ ਸਿਰਜਣਾ ਵਿਚ ਕਿਥੋਂ ਤਕ ਸਾਰਥਕ ਹੈ ?**

ਵਪਾਰਕ ਪੱਖ ਨੂੰ ਸਾਹਮਣੇ ਰਖਕੇ ਲਿਖਣਾ ਬੁਰਾ ਨਹੀਂ। ਖਾਸ ਕਰਕੇ ਰਚਨਾ ਕਰਨ ਉਪਰੰਤ ਉਸ ਵਿਚੋਂ ਕਮਾਈ ਕਰਨੀ ਬੁਰੀ ਨਹੀਂ, ਪਰ ਇਹ ਗੱਲ ਬੁਰੀ ਹੈ ਕਿ ਕੇਵਲ ਰਚਨਾ ਕਰਨ ਦਾ ਇਹੋ ਹੀ ਉਦੇਸ਼ ਹੋਵੇ ਕਿ ਉਹ ਵਪਾਰਕ ਵਸਤੂ ਬਣੇਗੀ। ਇਸ ਤਰ੍ਹਾਂ ਸੋਚਣ ਵਾਲੇ ਲੇਖਕਾਂ ਨੂੰ ਲਿਖਣਾ ਛਡਕੇ ਹਲਦੀ-ਨਮਕ ਦਾ ਵਪਾਰ ਕਰਨਾ ਚਾਹੀਦਾ ਹੈ। ਕਿਉਂਕਿ ਸਾਹਿਤ ਵਪਾਰਕ ਵਸਤੂ ਨਹੀਂ, ਇਹ ਲੋਕਾਂ ਦੇ ਜੀਵਨ ਨੂੰ ਚੰਗੇਰਾ ਬਣਾਨ ਲਈ ਹੈ।

ਇਸ ਤਰ੍ਹਾਂ ਦਾ ਵਪਾਰਕ ਸਾਹਿਤ ਸਹੀ ਸਾਹਿਤ ਨਹੀਂ ਬਣਦਾ।

**ਕੀ ਇਹ ਭਾਵਨਾ ਜਾਸੂਸੀ ਨਾਵਲਕਾਰੀ ਖਾਸ ਕਰਕੇ ਗੁਲਸ਼ਨ ਨੰਦਾ ਤੋਂ ਨਹੀਂ ਕਬੂਲੀ ਗਈ।**

ਉਰਦੂ ਵਿਚ ਪਿਛਲੇ ਸੌ ਸਾਲਾਂ ਤੋਂ ਜਾਸੂਸੀ ਨਾਵਲ ਲਿਖੇ ਜਾਂਦੇ ਰਹੇ ਨੇ, ਅੰਗ੍ਰੇਜ਼ੀ ਵਿਚ ਵੀ ਬੇਸ਼ੁਮਾਰ ਲੋਕ ਜਾਸੂਸੀ ਨਾਵਲ ਲਿਖ ਰਹੇ ਨੇ। ਗੁਲਸ਼ਨ ਨੰਦਾ ਤਾਂ ਵਿਚਾਰਾ ਕਲ੍ਹ ਦੀ ਹੀ ਗੱਲ ਹੈ।

ਪਰ ਗੁਲਸ਼ਨ ਨੰਦਾ ਕਿਸੇ ਵੀ ਸਾਹਿਤ ਦਾ ਹਿੱਸਾ ਨਹੀਂ ਹੈ। ਹਿੰਦੀ ਵਾਲੇ ਉਹਨੂੰ ਨਾਵਲਕਾਰ ਨਹੀਂ ਮੰਨਦੇ।

**ਪੰਜਾਬੀ ਨਾਵਲ ਕਈ ਪੜਾਵਾਂ ਵਿਚੋਂ ਗੁਜ਼ਰਦਾ ਮਨੋ ਵਿਗਿਆਨਕ ਪੜਾਅ ਵਿਚ ਪ੍ਰਵੇਸ਼**



Sri Satguru Jagjit Singh Ji Elibrary NamdhariElibrary@gmail com

ਕਰਦਾ ਹੈ ਜ਼ਾਹਿਰ ਹੈ। ਕਿ ਤੁਸੀਂ ਵੀ ਇਹ ਪ੍ਰਭਾਵ ਕਬੂਲਿਆ ਹੈ। ਤੁਸੀਂ ਕਿਨ੍ਹਾਂ ੨ ਨਾਵਲ ਕਾਰਾਂ ਦੀਆਂ ਕਿਨੀ ਕਿਨਾਂ ਰਚਨਾਵਾਂ ਤੋਂ ਪ੍ਰਭਾਵਿਤ ਹੋਏ ਹੋ ?

ਹਕੀਕਤ ਇਹ ਹੈ ਕਿ ਪੰਜਾਬੀ ਨਾਵਲ ਸ਼ੁਰੂ ਹੀ ਮਨੋ ਵਿਗਿਆਨਿਕ ਆਧਾਰ ਨੂੰ ਲੈ ਕੇ ਹੋਇਆ ਸੀ, ਅਤੇ ਜੋਸ਼ੁਆ ਫਜ਼ਲਦੀਨ ਦਾ ਨਾਵਲ 'ਪ੍ਰਭਾ' ਪੰਜਾਬੀ ਦਾ ਪਹਿਲਾ ਮਨੋਵਿਗਿਆਨਿਕ ਨਾਵਲ ਮੰਨਿਆ ਜਾਂਦਾ ਹੈ। ਉਹ ੧੯੨੮ ਵਿਚ ਲਿਖਿਆ ਗਿਆ ਸੀ, ਪਰ ਪੰਜਾਬੀ ਗੁਰਮਖੀ ਲਿਪੀ ਵਿਚ ੧੯੪੯ ਵਿਚ ਛਪਿਆ।

ਹਰ ਨਾਵਲ ਮਨੋਵਿਗਿਆਨਕ ਤੱਤਾਂ ਨੂੰ ਲੈ ਕੇ ਚਲਦਾ ਹੈ ਕਿਉਂ ਕਿ ਉਸ ਵਿਚ ਲੋਕਾਂ ਦੀ ਮਨੋਭਾਵਾਂ ਦਾ ਪ੍ਰਗਟਾਵਾ ਹੁੰਦਾ ਹੈ।

ਮੈਂ ਪੰਜਾਬੀ ਵਿਚ ਕਿਸੇ ਤੋਂ ਵੀ ਪ੍ਰਭਾਵਿਤ ਨਹੀਂ ਹੋਇਆ। ਉਂਜ ਦਾਸਤੋਵਸਕੀ ਏਤੱਨ ਚੇਖਵ, ਫਰਾਂਸ, ਕਾਫਕਾ, ਪ੍ਰੇਮ ਚੰਦ ਤੇ ਕੁਝ ਹੋਰ ਲੇਖਕ ਮੇਰੇ ਪਿਆਰੇ ਲੇਖਕ ਹਨ।

੧੯੫੬ ਵਿਚ ਛਪੀ ਤੁਹਾਡੀ ਪਹਿਲੀ ਕਹਾਣੀ "ਰਾਜਕੁਮਾਰ" ਤੋਂ ਲੈ ਕੇ ਹੁਣ ਤੱਕ ਤੁਹਾਡਾ ਰਚਨਾ-ਪ੍ਰਵਾਹ "ਦਰਿਆ ਦੇ ਵਹਿਣ" ਵਾਂਗ ਨਿਰੰਤਰ ਚਲ ਰਿਹਾ ਹੈ। ਇਸ ਵਹਿਣ ਵਿਚ ਤੁਸੀਂ ਸਮਾਜ ਦੀਆਂ ਕਈ ਬੁਰਾਈਆਂ ਨੂੰ ਵਖੋ-ਵਖਰੇ ਸਾਹਿਤ ਰੂਪਾਂ ਵਿਚ ਰੁੜ੍ਹਾਇਆ ਹੈ। ਦਸ ਸਕੋਗੇ ਕਿ ਹੁਣ ਤਕ ਤੁਸੀਂ ਕਿਨ੍ਹਾ ਕਿੰਨ੍ਹਾ ਸਾਹਿਤ ਰੂਪਾਂ ਤੇ ਕਿਥੋਂ ਤਕ ਕਲਮ ਅਜ਼ਮਾਈ ਹੈ ?

ਮੈਂ ੧੯੫੫ ਵਿਚ ਕਹਾਣੀਆਂ ਲਿਖਣੀਆਂ ਸ਼ੁਰੂ ਕੀਤੀਆਂ ਹਨ, ਅਤੇ ਹੁਣ ਤਕ ਵੀ ਕਹਾਣੀਆਂ ਹੀ ਲਿਖੀ ਜਾ ਰਿਹਾ ਹਾਂ ਕਹਾਣੀ ਮੇਰੀ ਰਚਨਾ ਦਾ ਸਭ ਤੋਂ ਮੁਖ ਮਾਧਿਅਮ ਹੈ।

ਕਹਾਣੀ ਦੇ ਇਲਾਵਾ ਮੈਂ ਹੁਣ ਤੁਕ ਛੇ ਨਾਵਲ ਲਿਖੇ ਹਨ (੧) ਵਿਖਰੇ ਵਿਖਰੇ (੨) ਅੰਦਰਲੇ ਦਰਵਾਜ਼ੇ (੩) ਆਪਣੇ ਆਪਣੇ ਸੁਖ (੪) ਕੌੜਿਆਂ ਤੇ ਤੁਰਨਾ (੫) ਅੱਧੀ ਰਾਤ (੬) ਬੇਦਖਲ।

ਇਨ੍ਹਾਂ ਨਾਵਲ ਦੇ ਇਲਾਵਾ ਦੋ ਨਾਟਕ ਵੀ ਛਪੇ ਹਨ। (੧) ਸੋਨੇ ਦੇ ਅੰਡੇ ( ) ਸੰਗਰਾਮੀਏ ਦੋ ਹੋਰ ਨਾਟਕ ਵੀ ਲਿਖੇ ਪਏ ਹਨ।

'ਪਾਣੀ ਦੇ ਸੱਪ' ਦੇ ਅੰਤਰਗਤ ਘਟੋ ਘਟ ਸੱਤਰ ਲੇਖਕਾਂ ਦੇ ਸਕੇਚ, ਅਤੇ 'ਵਗਦੇ ਪਾਣੀ' ਦੇ ਅੰਤਰਗਤ ਸੋ ਤੋਂ ਵਧ ਭਾਰਤੀ ਨਦੀਆਂ ਦੇ ਸਕੇਚ ਲਿਖ ਚੁਕਾ ਹਾਂ।

"ਵਗਦੇ ਪਾਣੀ" ਬੜੇ ਹੀ ਨਿਰਮਲ ਹੁੰਦੇ ਹਨ। ਜਿਹੜੇ ਸਮੁੱਚੀ ਲੋਕਾਈ ਨੂੰ ਨਿਰੋਗ ਰੱਖਣ ਵਿਚ ਸਹਾਈ ਹੁੰਦੇ ਹਨ। ਹੁਣ ਤੱਕ ਤੁਸੀਂ ਕਿੰਨੇ ਤੇ ਕਿਹੜੇ ਮਹਾਨ "ਵਗਦੇ ਪਾਣੀ" ਦਾ ਨਿਰਮਲ ਜਲ ਪੰਜਾਬੀ ਪਾਠਕਾਂ ਨੂੰ ਦਿਤਾ ਹੈ ?

ਮੈਂ ਹੁਣ ਤਕ ਸੌ ਤੋਂ ਵਧ (ਤਕਰੀਬਨ ਸਵਾ ਸੌ ਨਦੀਆਂ ਦੇ ਸਕੇਚ ਲਿਖੇ ਹਨ, ਜਿਨ੍ਹਾਂ ਵਿਚ ਦੇਸ਼ ਦੇ ਸਾਰੇ ਹੀ ਮਹਾਨ ਦਰਿਆਵਾਂ ਦੇ ਸਕੇਚ ਸ਼ਾਮਿਲ ਹਨ, ਪਰ ਹਾਲੇ ਤਕ ਉਨ੍ਹਾਂ ਵਿਚੋਂ ਕੇਵਲ ਪੰਦਰਾਂ ਸੋਲਾਂ ਸਕੇਚ ਹੀ ਛਪੇ ਹਨ।

ਪੰਜਾਬੀ ਵਿਚ ਇਹ ਇਕ ਨਵਾਂ ਸਾਹਿਤ ਰੂਪ ਹੈ, ਸ਼ਾਇਦ ਇਸੇ ਕਰਕੇ ਹੀ ਲੋਕ ਹਾਲੇ ਤਕ ਇਸ ਨੂੰ ਪੂਰੀ ਤਰ੍ਹਾਂ ਸਵੀਕਾਰ ਨਹੀਂ ਕਰ ਰਹੇ।

ਮੈਂ ਵੀ ਲੋਕਾਂ ਨੂੰ ਇਹੋ ਹੀ ਦਸਣਾ ਚਾਹੁੰਦਾ ਹਾਂ ਕਿ ਵਗਦੇ ਪਾਣੀ ਬੜੇ ਨਿਰਮਲ ਤੇ ਪਵਿਤਰ ਹਨ ਅਤੇ ਸਾਡੀ ਜ਼ਿੰਦਗੀ ਨੂੰ ਸਦੀਆਂ ਇਨ੍ਹਾਂ ਵਗਦੇ ਪਾਣੀਆਂ ਨੇ ਹੀ ਵਿਕਸਿਤ ਕੀਤਾ ਹੈ। ਹੁਣ ਇਹ ਡੈਮ ਬਣਾਨ ਤੇ ਪਾਵਰ ਗ੍ਰਿਡ ਕਾਇਮ ਕਰਨ 'ਚ ਵੀ ਸਹਾਇਕ ਸਿਧ ਹੋ ਰਹੇ ਨੇ।

ਪੰਜਾਬੀ ਫਿਲਮੀ ਡਾਇਲਾਗਾਂ ਤੇ ਕਹਾਣੀਆਂ ਬਾਰੇ ਤੁਹਾਡਾ ਕੀ ਨਜ਼ਰੀਆ ਹੈ। ਸ਼ਾਇਦ ਤੁਸੀਂ ਵੀ ਕਿਸੇ ਪੰਜਾਬੀ ਫਿਲਮ ਦੇ ਡਾਇਲਾਗ ਲਿਖ ਚੁਕੇ ਹੋ ?

ਮੈਂ ਵੀ ਇਕ ਫਿਲਮ 'ਧਰਤੀ ਸਾਡੀ ਮਾਂ' ਦਾ ਚਿਤਰਪਟ ਤੇ ਡਾਇਲਾਗ ਲਿਖੇ ਸਨ, ਪਰ ਮੈਂ ਇਸ ਕੰਮ ਨੂੰ ਬਹੁਤਾ ਚੰਗਾ ਨਹੀਂ ਸਮਝਦਾ। ਕਿਉਂਕਿ ਇਸ ਕੰਮ ਵਿਚ ਮਿਹਨਤ ਬਹੁਤ ਹੈ ਤੇ ਪੈਸੇ ਮਿਲਦੇ ਨਹੀਂ।

ਅਸਲ ਵਿਚ ਪੰਜਾਬੀ ਫਿਲਮਾਂ ਹਾਲੇ ਤਕ ਨਾਬਾਲਗ ਅਵਸਥਾ ਵਿਚ ਹੀ ਹਨ ਤੇ ਕੋਈ ਵੱਡਾ ਪੈਸੇ ਵਾਲਾ ਪ੍ਰੋਡੀਊਸਰ ਪੰਜਾਬੀ 'ਚ ਫਿਲਮ ਨਹੀਂ ਬਣਾ ਰਿਹਾ। ਕੇਵਲ ਕੁਝ ਕੁ ਲੋਕ ਹੀ ਇਹ ਕੰਮ ਕਰ ਰਹੇ ਨੇ। ਇਸੇ ਕਰਕੇ ਹੀ



Sri Satguru Jagjit Singh Ji Elibrary NamdhariElibrary@gmail.com

ਇਹ ਬਹੁਤ ਨੀਵੇਂ ਪੱਧਰ ਤੇ ਹੋ ਰਿਹਾ ਹੈ।

**ਤੁਹਾਡੀਆਂ ਨਾਵਲੀ ਰਚਨਾਵਾਂ ਦੇ ਸਾਰੇ ਪਾਤਰ ਸ਼ਹਿਰੀ ਮੱਧ-ਸ਼੍ਰੇਣੀ ਦੇ ਦਫਤਰੀ ਬਾਬੂ ਜਾਂ ਸਕੂਲ ਟੀਚਰ ਹੀ ਹਨ। ਤੁਸੀਂ ਜੀਵਨ ਦੇ ਹੋਰ ਵੱਖ ਵਖ ਪਾਤਰਾਂ ਨੂੰ ਕਿਉਂ ਨਹੀਂ ਚਿਤਰਿਆ ?**

ਲੇਖਕ ਉਹੋ ਕੁਝ ਹੀ ਲਿਖਦਾ ਹੈ, ਜੋ ਕੁਝ ਉਹ ਵੇਖਦਾ ਹੈ। ਮੈਂ ਅਧਿਆਪਕ ਵੀ ਰਿਹਾ ਹਾਂ ਤੇ ਬਾਬੂ ਵੀ। ਇਸ ਲਈ ਅਧਿਆਪਕਾਂ ਤੇ ਬਾਬੂਆਂ ਬਾਰੇ ਚੰਗੀ ਤਰ੍ਹਾਂ ਲਿਖ ਸਕਦਾ ਹਾਂ।

ਹੋਰ ਲੋਕਾਂ ਬਾਰੇ ਵੀ ਲਿਖਿਆ ਹੈ। ਭਵਿਖ ਵਿਚ ਮੈਂ ਪੂਲਾਂ ਦੇ ਜੀਵਨ ਨੂੰ ਲੈਕੇ ਇਕ ਵੱਡਾ ਨਾਵਲ ਲਿਖਣਾ ਚਾਹੁੰਦਾ ਹਾਂ ਜੋ ਕਿ ਪੰਜਾਬ ਦੇ ਪਿਛਲੇ ਡੇਢ ਸੌ ਵਰ੍ਹੇ ਦੇ ਜੀਵਨ ਵਿਚ ਫੈਲਿਆ ਹੋਇਆ ਹੋਵੇਗਾ। ਉਸ ਵਿਚ ਕਿਰਤੀ ਤੇ ਕਾਰੀਗਰ, ਸਾਰੇ ਹੀ ਉਸਰਈਏ ਲੋਕ ਆ ਜਾਣਗੇ।

**ਐਬਸਰਡਿਟੀ ਮੂਵਮੈਂਟ ਨੇ ਪੰਜਾਬੀ ਨਾਟਕ ਤੇ ਕਹਾਣੀ ਨੂੰ ਤਾਂ ਪ੍ਰਭਾਵਿਤ ਕੀਤਾ ਹੈ। ਪੰਜਾਬੀ ਨਾਵਲ ਨੇ ਇਸ ਮੂਵਮੈਂਟ ਦਾ ਪ੍ਰਭਾਵ ਕਿਸ ਹੱਦ ਤਕ ਕਬੂਲਿਆ ਹੈ ?**

ਪੰਜਾਬੀ ਵਿਚ ਐਬਸਰਡਿਟੀ ਇਕ ਮੂਵਮੈਂਟ ਨਹੀਂ ਬਣ ਸਕੀ ਕਿਉਂਕਿ ਇਸ ਤਰ੍ਹਾਂ ਦੀ ਤਕਨੀਕ ਨੂੰ ਲੈਕੇ ਕੋਈ ਵੀ ਰਚਨਾ ਏਨੀ ਸ਼ਕਤੀਸ਼ਾਲੀ ਨਹੀਂ ਲਿਖੀ ਗਈ ਕਿ ਮੀਲ ਪੱਥਰ ਬਣ ਜਾਵੇ।

ਜਦੋਂ ਤਕ ਕੋਈ ਲਹਿਰ ਕਿਸੇ ਮਹਾਨ ਰਚਨਾ ਨੂੰ ਜਨਮ ਨਹੀਂ ਦਿੰਦੀ, ਉਹ ਸਾਰਥਕ ਨਹੀਂ ਬਣਦੀ।

ਪੰਜਾਬੀ ਨਾਵਲ ਤੇ ਐਬਸਰਡਿਟੀ ਨੇ ਕੋਈ ਖਾਸ ਪ੍ਰਭਾਵ ਨਹੀਂ ਪਾਇਆ।

**ਪੋਸਟ ਮਾਰਟਮ (ਅਜੀਤ ਕੌਰ) ਆਬਰਾ-ਕਦਾਬਰਾ ਤੇ ਡੁਬਦੇ ਸੂਰਜ ਨੂੰ ਸਲਾਮ (ਸੇਠੀ) ਆਦਿ ਬਾਰੇ ਤੁਹਾਡਾ ਕੀ ਖਿਆਲ ਹੈ ?**

ਅਜੀਤ ਕੌਰ ਮੂਲ ਰੂਪ ਵਿਚ ਇਕ ਕਹਾਣੀ ਲੇਖਕ ਹੈ ਅਤੇ ਉਸਦੀ ਵਿਚਾਰ ਅਧੀਨ ਰਚਨਾ ਵੀ ਇਕ ਨਾਵਲਿਟ ਤੋਂ ਵਧ ਕੁਝ ਨਹੀਂ। ਉਸ ਵਿਚ ਨਾਵਲ ਵਾਲਾ ਵਿਸਥਾਰ ਨਹੀਂ ਹੈ।

ਸੁਰਜੀਤ ਸਿੰਘ ਸੇਠੀ ਕੋਲ ਤਕਨੀਕ ਤਾਂ ਹੈ ਪਰ ਉਸ ਨੇ ਕਹਿਣਾ ਕੀ ਹੁੰਦਾ ਹੈ, ਇਹ ਗੱਲ ਉਸ ਦੀ ਸਪਸ਼ਟ ਨਹੀਂ ਹੁੰਦੀ। ਜਾਂ, ਇਸ ਤਰ੍ਹਾਂ ਕਹੋ ਕਿ ਉਹ ਖਿਆਲ ਦੇ ਪਖ ਤੋਂ ਵੀ ਪ੍ਰਯੋਗ ਕਰਦਾ ਹੈ। ਉਸ ਦੀਆਂ ਵਿਚਾਰ ਅਧੀਨ ਰਚਨਾਵਾਂ ਵੀ ਇਸੇ ਤਰ੍ਹਾਂ ਦੀਆਂ ਹੀ ਹਨ।

**ਨਵੇਂ ਪੁੰਗਰ ਰਹੇ ਅਤੇ ਉਭਰ ਰਹੇ ਸਾਹਿਤ-ਕਾਰਾਂ ਨੂੰ ਤੁਸੀਂ ਆਪਣੇ ਵਲੋਂ ਕੀ ਸੇਧ ਦੇਣੀ ਚਾਹੋਗੇ ?**

ਨਵੇਂ ਲੇਖਕਾਂ ਨੂੰ ਚਾਹੀਦਾ ਹੈ ਕਿ ਸਿਦਕ ਦਿਲੀ ਨਾਲ ਲਿਖਣ ਤੇ ਬਸ ਲਿਖਣ।

ਲਿਖਣਾ ਆਪਣੇ ਆਪ 'ਚ ਹੀ ਇਕ ਪ੍ਰਾਪਤੀ ਹੈ। ਇਸ ਕੋਲੋਂ ਕਿਸੇ ਹੋਰ ਪ੍ਰਾਪਤੀ ਦੀ ਤਮੰਨਾ ਨਹੀਂ ਰਖਣੀ ਚਾਹੀਦੀ।

ਆਲੋਚਕ ਦੀ ਕਦੀ ਵੀ ਪ੍ਰਵਾਹ ਨਹੀਂ ਕਰਨੀ ਚਾਹੀਦੀ। ਕਿਉਂਕਿ ਸਾਡੇ ਸਾਹਿਤ ਵਿਚ ਆਲੋਚਕ ਦਾ ਰੋਲ ਨੈਗੇਟਿਵ ਹੀ ਹੈ।

**ਕੀ ਤੁਹਾਡੇ ਦਿਮਾਗ ਵਿਚ ਅਗੋਂ ਹੋਰ ਵਖ ਵਖ ਵਰਗਾਂ ਦੇ ਆਮ ਸਾਧਾਰਣ ਪੇਂਡੂ ਲੋਕਾਂ ਦੀਆਂ ਸਮਸਿਆਵਾਂ ਬਾਰੇ ਲਿਖਣ ਦਾ ਕੋਈ ਸੰਕਲਪ ਹੈ ?**

ਮੈਂ ਹਰ ਵਰਗ ਦੇ ਲੋਕਾਂ ਬਾਰੇ ਲਿਖਣ ਚਾਹੁੰਦਾ ਹਾਂ। ਪਿੰਡ ਤਾਂ ਸਾਡੇ ਸੰਸਕ੍ਰਿਤਿਕ ਜੀਵਨ ਵਿਚ ਰੀੜ੍ਹ ਦੀ ਹੱਡੀ ਵਾਂਗ ਹਨ। ਪਰ ਮੈਂ ਉਨ੍ਹਾਂ ਬਾਰੇ ਸ਼ਿਦਤ ਨਾਲ ਤਦ ਹੀ ਲਿਖ ਸਕਦਾ ਹਾਂ ਜੇਕਰ ਉਨ੍ਹਾਂ ਦੇ ਵਿਚ ਰਹਾਂ। ਕੇਵਲ ਸੁਣ-ਸੁਣ ਕੇ ਮੈਂ ਕੁਝ ਨਹੀਂ ਲਿਖ ਸਕਦਾ।

**ਇਕ ਚੰਗੇ ਤੇ ਸੁਹਿਰਦ ਲੇਖਕ ਦੇ ਕੀ ਗੁਣ ਹੋਣੇ ਚਾਹੀਦੇ ਹਨ ?**

ਲੋਕਾਂ ਪ੍ਰਤਿ ਸੁਹਿਰਦਤਾ ਅਤੇ ਹਮਦਰਦੀ ਲੇਖਕ ਦਾ ਸਭ ਤੋਂ ਪਹਿਲਾ ਤੇ ਵੱਡਾ ਗੁਣ ਹੈ। ਜਿਹੜਾ ਲੇਖਕ ਲੋਕਾਂ ਨੂੰ ਨਫਰਤ ਕਰਦਾ ਹੈ, ਉਹ ਅਜ ਡੁਬਾ ਨਹੀਂ ਤਾਂ ਕਲ ਨੂੰ ਡੁਬ ਜਾਵੇਗਾ।

ਚੰਗਾ ਲੇਖਕ ਲੋਕਾਂ ਲਈ ਲਿਖਦਾ ਹੈ, ਇਸ ਲਈ ਉਹ ਲੋਕਾਂ ਲਈ ਹੀ ਜੀਉਂਦਾ ਤੇ ਉਨ੍ਹਾਂ ਦੇ ਨਾਲ ਹੀ ਮਰਦਾ ਹੈ।

ਚੰਗਾ ਲੇਖਕ ਸਿਦਕਵਾਨ ਹੁੰਦਾ ਹੈ, ਪਰ ਵਪਾਰੀ ਨਹੀਂ।



Sri Satguru Jagjit Singh Ji Elibrary NamdhariElibrary@gmail.com

ਅਮਰੀਕੀ ਕਹਾਣੀ

# ਉਡੀਕ

—ਅਰਨੈਸਟ ਹੇਮਿੰਗਵੇ

ਅਸੀਂ ਅਜੇ ਬਿਸਤਰਿਆਂ ਉਤੇ ਹੀ ਸਾਂ ਕਿ ਉਹ ਖਿੜਕੀਆਂ ਬੰਦ ਕਰਨ ਲਈ ਕਮਰੇ ਅੰਦਰ ਆਇਆ ਤੇ ਮੈਨੂੰ ਬੀਮਾਰ ਜਿਹਾ ਜਾਪਿਆ। ਉਹ ਕੰਬ ਰਿਹਾ ਸੀ, ਉਹਦਾ ਚਿਹਰਾ ਬੱਗਾ ਚੂਕ ਹੋ ਗਿਆ ਸੀ, ਅਤੇ ਉਹ ਹੌਲੀ ਹੌਲੀ ਤੁਰ ਰਿਹਾ ਸੀ। ਜਿਵੇਂ ਕਿ ਤੁਰਨ ਨਾਲ ਤਕਲੀਫ਼ ਮਹਿਸੂਸ ਕਰ ਰਿਹਾ ਹੋਵੇ।

'ਕੀ ਗੱਲ ਏ ਸ਼ਾਜ ?'

'ਸਿਰ ਪੀੜ ਹੋ ਰਹੀ ਏ।'

'ਤਾਂ ਚੁਪ ਚਾਪ ਮੰਜੇ ਤੇ ਲੇਟ ਜਾ।'

'ਨਹੀਂ, ਮੈਂ ਠੀਕ ਹਾਂ।'

'ਤੂੰ ਲੇਟ ਚਲ ਕੇ। ਕਪੜੇ ਪਾਕੇ ਮੈਂ ਤੈਨੂੰ ਵੇਖਣ ਆਉਂਦਾ ਹਾਂ।'

ਪਰ ਜਦੋਂ ਮੈਂ ਹੇਠਾਂ ਪੁਜਾ ਤਾਂ ਉਹ ਕਪੜੇ ਪਹਿਨ ਚੁੱਕਾ ਸੀ ਤੇ ਅੱਗ ਕੋਲ ਬੈਠਾ ਨੌ ਵਰ੍ਹਿਆਂ ਦਾ ਮੁੰਡਾ ਬੜਾ ਬੀਮਾਰ ਤੇ ਦੁਖੀ ਦਿਖਾਈ ਦੇ ਰਿਹਾ ਸੀ। ਉਹਦੇ ਮੱਥੇ ਤੇ ਹੱਥ ਰਖਦਿਆਂ ਹੀ ਮੈਂ ਸਮਝ ਗਿਆ ਕਿ ਉਹਨੂੰ ਬੁਖ਼ਾਰ ਹੈ।

'ਤੂੰ ਬਿਸਤਰੇ ਤੇ ਲੇਟ ਜਾ, ਤੇਰੀ ਤਬੀਅਤ ਠੀਕ ਨਹੀਂ।'

'ਮੈਂ ਬਿਲਕੁਲ ਠੀਕ ਹਾਂ, ਉਹਨੇ ਆਖਿਆ।'

ਡਾਕਟਰ ਨੇ ਆਕੇ ਉਹਦੇ ਸਰੀਰ ਦਾ ਤਾਪਮਾਨ ਪੁਛਿਆ।'

ਡਾਕਟਰ ਨੇ ਤਿੰਨ ਵਖੋ-ਵਖ ਦਵਾਈਆਂ ਤਿੰਨ ਵਖਰੇ ਵਖਰੇ ਰੰਗਾਂ ਦੀਆਂ ਸ਼ੀਸ਼ੀਆਂ ਵਿਚ ਪਾ ਦਿਤੀਆਂ ਅਤੇ ਉਹਨਾਂ ਨੂੰ ਪੀਣ ਦੀ ਤਰਕੀਬ ਵੀ ਦੱਸੀ। ਇਕ ਬੁਖ਼ਾਰ ਘਟ ਕਰਨ ਦੀ ਦਵਾਈ ਸੀ, ਦੂਸਰੀ ਜੁਲਾਬ ਤੇ ਤੀਜੀ ਬੇਸੁਰਤੀ ਨੂੰ ਦੂਰ ਕਰਨ ਦੀ। 'ਇਨਫਲੂਏਂਜਾ ਦੇ ਕਟਾਣੂ ਬੇਸੁਰਤੀ ਦੀ ਹਾਲਤ ਵਿਚ ਹੀ ਜੀਉਂਦੇ ਰਹਿ ਸਕਦੇ ਨੇ' ਉਨ੍ਹਾਂ ਦਸਿਆ। ਜਾਪਦਾ ਸੀ ਉਹ ਇਨਫਲੂਏਂਜਾ ਦੇ ਬਾਰੇ ਸਭ ਕੁਝ ਜਾਣਦੇ ਨੇ। ਉਹਨਾਂ ਆਖਿਆ ਕਿ 'ਤਾਪਮਾਨ ਇਕ ਸੌ ਚਾਰ ਅੰਸ਼ ਤੋਂ ਨਾ ਵਧਿਆ ਤਾਂ ਘਬਰਾਉਣ ਦੀ ਕੋਈ ਲੋੜ ਨਹੀਂ। ਇਹ ਫਲੂ ਦੀ ਹਲਕੀ ਅਵਸਥਾ ਹੈ ਅਤੇ ਨਿਮੂਨੀਏ ਤੋਂ ਬਚਾ ਕੀਤਾ ਜਾਵੇ ਤਾਂ ਫੇਰ ਕੋਈ ਖਤਰਾ ਨਹੀਂ।'

ਕਮਰੇ ਵਿਚ ਵਾਪਸ ਪਰਤ ਕੇ ਮੈਂ ਮੁੰਡੇ ਦਾ ਤਾਪਮਾਨ ਲਿਖਿਆ ਅਤੇ ਵਖਰੀਆਂ ਵਖਰੀਆਂ ਦਵਾਈਆਂ ਦੇਣ ਦਾ ਸਮਾਂ ਵੀ।

'ਮੈਂ ਤੈਨੂੰ ਕੁਝ ਪੜ੍ਹ ਕੇ ਸੁਣਾਵਾਂ ?'

'ਜੇ ਤੁਸੀਂ ਚਾਹੁੰਦੇ ਓ ਤਾਂ', ਮੁੰਡੇ ਨੇ ਆਖਿਆ। ਉਹਦਾ ਚਿਹਰਾ ਬੜਾ ਬੱਗਾ ਹੋ ਗਿਆ ਸੀ ਤੇ ਉਹਦੀਆਂ ਅੱਖਾਂ ਹੇਠਾਂ ਕਾਲੋਂ ਸੀ। ਉਹ ਬਿਸਤਰੇ ਤੇ ਚੁਪ ਚਾਪ ਲੇਟਿਆ ਹੋਇਆ ਅਤੇ ਆਪਣੇ ਚੁਫੇਰੇ ਦੀਆਂ ਗੱਲਾਂ ਤੋਂ ਬਿਲਕੁਲ ਅਣਜਾਣ ਲਗ ਰਿਹਾ ਸੀ।

ਮੈਂ ਹਾਵਰਡ ਪਾਈਲ ਦੀ 'ਸਮੁੰਦਰੀ ਡਾਕੂਆਂ ਦੀ ਪੁਸਤਕ' ਦਾ ਅੰਸ਼ ਪੜ੍ਹ ਰਿਹਾ ਸਾਂ, ਪਰ ਵੇਖ ਰਿਹਾ ਸਾਂ ਕਿ ਉਹ ਧਿਆਨ ਨਹੀਂ ਦੇ ਰਿਹਾ।

'ਅਜੇ ਤਕ ਤਾਂ ਓਦਾ ਹੀ ਆਂ, ਉਹਨੇ ਆਖਿਆ।

ਮੰਜੀ ਦੀ ਪੈਂਦ ਵਲ ਬੈਠ ਕੇ ਮੈਂ ਦੂਜੀ ਦਵਾਈ ਦੇਣ ਦੇ ਸਮੇਂ ਨੂੰ ਉਡੀਕਦਾ ਹੋਇਆ ਹੌਲੀ ਹੌਲੀ ਪੜ੍ਹਨ ਲਗ ਪਿਆ। ਉਹਦਾ ਸੌਂ ਜਾਣਾ ਹੀ ਚੰਗਾ ਸੀ ਪਰ ਪੁਸਤਕ ਤੋਂ ਸਿਰ ਚੁਕ ਕੇ ਮੈਂ ਵੇਖਿਆ ਕਿ ਉਹ ਮੰਜੇ ਦੀ ਪੈਂਦ ਵਲ ਵੇਖ ਰਿਹਾ ਏ, ਬੜੀ ਅਜੀਬ ਨਜ਼ਰ ਨਾਲ ਵੇਖ ਰਿਹਾ ਸੀ ਉਹ।

'ਤੂੰ ਸੌਣ ਦੀ ਕੋਸ਼ਿਸ਼ ਕਿਉਂ ਨਹੀਂ ਕਰਦਾ ? ਦਵਾਈ ਪੀਣ ਲਈ ਮੈਂ ਤੈਨੂੰ ਜਗਾ ਲਵਾਂਗਾ।'

'ਮੈਂ ਜਾਗਦਾ ਹੀ ਰਹਿਣਾ ਚਾਹੁੰਦਾ ਹਾਂ।'

ਕੁਝ ਚਿਰ ਪਿਛੋਂ ਉਹਨੇ ਮੈਨੂੰ ਆਖਿਆ, 'ਪਾਪਾ ਜੀ, ਜੇ ਤੁਹਾਨੂੰ ਪਰੇਸ਼ਾਨੀ ਹੋ ਰਹੀ ਹੋਵੇ ਤਾਂ ਏਥੇ ਨਾ ਬੈਠੋ।'

'ਮੈਨੂੰ ਕੋਈ ਪਰੇਸ਼ਾਨੀ ਨਹੀਂ।'

'ਨਹੀਂ, ਮੇਰਾ ਮਤਲਬ ਹੈ, ਜੇ ਪਰੇਸ਼ਾਨੀ ਹੋਵੇ ਤਾਂ ਤੁਸੀਂ ਏਥੇ ਨਾ ਬੈਠੋ।'

ਮੈਂ ਸੋਚਿਆ, ਉਹਦੀ ਤਬੀਅਤ ਸ਼ਾਇਦ ਕੁਝ ਠੀਕ



Sri Satguru Jagjit Singh Ji Elibrary NamdhariElibrary@gmail.com

ਹੋ ਗਈ ਏ, ਇਸ ਲਈ ਗਿਆਰਾਂ ਵਜੇ ਵਾਲੀ ਦਵਾਈ ਪਿਲਾ ਕੇ ਮੈਂ ਥੋੜੀ ਦੇਰ ਲਈ ਬਾਹਰ ਚਲਾ ਗਿਆ ।

ਸਾਫ ਠੰਡਾ ਦਿਨ ਸੀ ਤੇ ਧਰਤੀ ਤੇ ਪਤਲੀ ਬਰਫ ਜੰਮੀ ਹੋਈ ਸੀ । ਜਾਪ ਰਿਹਾ ਸੀ ਕਿ ਸਾਰੇ ਨੰਗੇ ਰੁੱਖ, ਝਾੜੀਆਂ, ਘਾਹ ਤੇ ਨੰਗੀ ਧਰਤੀ ਸਾਰਿਆਂ ਤੇ ਬਰਫ ਦੀ ਵਾਰਨਿਸ਼ ਕਰ ਦਿਤੀ ਗਈ ਹੈ । ਮੈਂ ਜਵਾਨ ਆਇਰਸ਼ ਕੁੱਤੇ ਨੂੰ ਲੈ ਕੇ ਸੜਕ ਉਤੇ ਇਕ ਜੰਮੇ ਹੋਏ ਨਾਲੇ ਦੇ ਕੰਢੇ ਘੁੰਮਣ ਤੁਰ ਪਿਆ, ਪਰ ਚਿਕਨੀ ਸਤਹ ਤੇ ਖਲੋਣਾ ਜਾਂ ਤੁਰਨਾ ਔਖਾ ਸੀ । ਕੁੱਤਾ ਤਿਲਕਦਾ, ਕੰਬਦਾ ਹੋਇਆ ਤੁਰ ਰਿਹਾ ਸੀ ਅਤੇ ਮੈਂ ਆਪ ਵੀ ਦੋ ਵਾਰ ਜ਼ੋਰ ਨਾਲ ਡਿਗਿਆ, ਇਕ ਵਾਰ ਤਾਂ ਮੇਰੀ ਬੰਦੂਕ ਡਿਗ ਕੇ ਤਿਲਕਦੀ ਹੋਈ ਦੂਰ ਚਲੀ ਗਈ ।

ਇਕ ਉੱਚੇ ਮਿੱਟੀ ਦੇ ਢੇਰ ਤੋਂ ਪਲਮਦੀਆਂ ਝਾੜੀਆਂ ਚੋਂ ਬਟੇਰਿਆਂ ਦੀ ਇਕ ਡਾਰ ਨੂੰ ਅਸਾਂ ਉਡਾਇਆ ਤੇ ਢੇਰ ਤੇ ਚੜ੍ਹ ਕੇ ਅੱਖਾਂ ਤੋਂ ਓਹਲ ਹੋਣ ਤੋਂ ਪਹਿਲਾਂ ਮੈਂ ਦੋਂਹ ਨੂੰ ਮਾਰ ਦਿਤਾ । ਕੁਝ ਬਟੇਰੇ ਰੁਖਾਂ ਤੇ ਬਹਿ ਗਏ, ਪਰ ਬਹੁਤੇ ਝਾੜੀਆਂ ਵਿਚ ਲੁਕ ਗਏ ਤੇ ਹੁਣ ਉਹਨਾਂ ਨੂੰ ਉਡਾਣ ਲਈ ਬਰਫ ਨਾਲ ਢੱਕੀਆਂ ਝਾੜੀਆਂ ਤੇ ਕਈ ਵਾਰ ਉਛਲਣਾ ਜ਼ਰੂਰੀ ਸੀ । ਬਰਫੀਲੀ, ਕੰਡਿਆਲੀ ਝਾੜੀ ਵਿਚ ਅਸੰਤੁਲਿਤ ਖਲੋ ਕੇ ਤੇ ਉਹਨਾਂ ਦੇ ਬਾਹਰ ਨਿਕਲਣ ਤੇ ਗੋਲੀ ਦਾਗਣੀ ਔਖਾ ਕੰਮ ਹੈ, ਪਰ ਮੈਂ ਦੋ ਮਾਰ ਲਏ, ਪੰਜਾਂ ਦਾ ਨਿਸ਼ਾਨਾ ਉਕ ਗਿਆ । ਇਸ ਪਿਛੋਂ ਪ੍ਰਸੰਸਾ ਪੂਰਵਕ ਪਰਤਿਆ ਕਿ ਘਰ ਦੇ ਕੋਲ ਹੀ ਬਟੇਰੇ ਮਿਲ ਗਏ ।

ਘਰ ਪੁਜ ਕੇ ਪਤਾ ਲਗਿਆ ਕਿ ਮੁੰਡੇ ਨੇ ਸਾਰਿਆਂ ਨੂੰ ਕਮਰੇ ਅੰਦਰ ਜਾਣ ਤੋਂ ਮਨਾਂਹ ਕੀਤਾ ਹੈ ।

'ਤੁਸੀਂ ਨਾ ਆਓ', ਉਹਨੇ ਆਖਿਆ, 'ਜਿਹੜਾ ਮੈਨੂੰ ਹੋਇਆ ਏ ਉਹ ਤੁਹਾਨੂੰ ਨਹੀਂ ਹੋਣਾ ਚਾਹੀਦਾ ।'

ਮੈਂ ਉਹਦੇ ਕੋਲ ਗਿਆ । ਵੇਖਿਆ ਕਿ ਜਿਹੜੀ ਦਸ਼ਾ ਵਿਚ ਮੈਂ ਉਹਨੂੰ ਛਡ ਕੇ ਗਿਆ ਸੀ ਉਹ ਹੁਣ ਵੀ ਠੀਕ ਉਸੇ ਦਸ਼ਾ ਵਿਚ ਸੀ । ਚਿਹਰਾ ਚਿੱਟਾ ਸੀ ਪਰ ਬੁਖਾਰ ਨਾਲ ਗਲ੍ਹਾਂ ਲਾਲ ਹੋ ਗਈਆਂ ਸਨ । ਪਹਿਲਾਂ ਵਾਂਗ ਹੀ ਟਿਕ ਟਿਕੀ ਲਾ ਕੇ ਪੈਂਦਾਂ ਵਲ ਵੇਖ ਰਿਹਾ ਸੀ ।

ਮੈਂ ਉਹਦਾ ਤਾਪਮਾਨ ਲਿਆ ।

'ਕਿੰਨਾ ਹੈ ?'

'ਸੌ ਦੇ ਕਰੀਬ ।' ਮੈਂ ਆਖਿਆ । ਤਾਪਮਾਨ ਇਕ ਸੌ ਦੋ ਦਸ਼ਮਲਵ ਚਾਰ ਸੀ ।

'ਪਹਿਲਾਂ ਤਾਂ ਇਕ ਸੌ ਦੋ ਸੀ' ਉਹਨੇ ਆਖਿਆ ।

'ਕਿਸ ਆਖਿਆ ਸੀ ?'

'ਡਾਕਟਰ ਨੇ ।'

'ਤੇਰਾ ਤਾਪ ਮਾਨ ਠੀਕ ਹੈ', ਮੈਂ ਆਖਿਆ, 'ਪਰੇਸ਼ਾਨ ਹੋਣ ਦੀ ਲੋੜ ਨਹੀਂ' ।

'ਮੈਂ ਪਰੇਸ਼ਾਨ ਨਹੀਂ ਹਾਂ, 'ਉਹਨੇ ਆਖਿਆ, 'ਪਰ ਸੋਚਣ ਤੋਂ ਆਪਣੇ ਆਪ ਨੂੰ ਰੋਕ ਨਹੀਂ ਸਕਦਾ ।'

'ਸੋਚ ਨਾ, 'ਮੈਂ ਕਿਹਾ, 'ਰਤਾ ਤਗੜਾ ਹੋ ।'

'ਮੈਂ ਤਗੜਾ ਹੋ ਕੇ ਹੀ ਇਹਨੂੰ ਝੱਲ ਰਿਹਾ ਹਾਂ, ਆਖ ਕੇ ਉਹਨੇ ਆਪਣੇ ਸਾਹਮਣੇ ਵੇਖਿਆ । ਸਪਸ਼ਟ ਸੀ ਕਿ ਉਹ ਕਿਸੇ ਗੱਲ ਨੂੰ ਲੁਕਾ ਰਿਹਾ ਸੀ ।

'ਇਹਨੂੰ ਪਾਣੀ ਨਾਲ ਖਾ ਲੈ ।'

'ਤੁਸੀਂ ਸਮਝਦੇ ਓ, ਇਹਦੇ ਨਾਲ ਕੋਈ ਲਾਭ ਹੋਵੇਗਾ ?'

'ਜ਼ਰੂਰ ।'

ਮੈਂ ਬਹਿਕੇ ਫੇਰ ਸਮੁੰਦਰੀ ਡਾਕੂਆਂ ਵਾਲੀ ਪੁਸਤਕ ਪੜ੍ਹਨ ਲਗ ਪਿਆ, ਪਰ ਇਹ ਵੇਖ ਕੇ ਕਿ ਉਹ ਸੁਣ ਨਹੀਂ ਰਿਹਾ ਤਾਂ ਬੰਦ ਕਰ ਦਿਤੀ ।

'ਤੁਹਾਡਾ ਕੀ ਖਿਆਲ ਹੈ ਕਿ ਮੈਂ ਕਿਹੜੇ ਵੇਲੇ ਮ ਜਾਵਾਂਗਾ ?' ਉਹਨੇ ਪੁਛਿਆ ।

'ਕੀ ?'

'ਮੈਂ ਕਿੰਨੇ ਕੁ ਚਿਰ ਪਿਛੋਂ ਮਰਾਂਗਾ ?'

'ਤੂੰ ਮਰੇਂਗਾ ਹੀ ਨਹੀਂ । ਕੀ ਹੋ ਗਿਆ ਏ ਤੈਨੂੰ ?'

'ਮੈਂ ਜ਼ਰੂਰ ਮਰ ਜਾਵਾਂਗਾ । ਮੈਂ ਉਹਨਾਂ ਨੂੰ ਇਕ ਸੌ ਦੋ ਆਖਦਿਆਂ ਸੁਣਿਆ ਸੀ ।

'ਲੋਕ ਮਰ ਜਾਂਦੇ ਨੇ, ਮੈਂ ਜਾਣਦਾ ਵਾਂ । ਫਰਾਂਸ ਦੇ ਸਕੂਲਾਂ ਵਿਚ ਮੁੰਡਿਆਂ ਨੇ ਮੈਨੂੰ ਦਸਿਆ ਸੀ ਕਿ ੪੪ ਅੰਸ਼ ਤੋਂ ਪਿਛੋਂ ਕੋਈ ਜੀਉਂਦਾ ਨਹੀਂ ਰਹਿ ਸਕਦਾ । ਮੈਨੂੰ ਤਾਂ ਇਕ ਸੌ ਦੋ ਏ ।

ਨੌ ਵਜੇ ਸਵੇਰ ਤੋਂ ਲੈ ਕੇ ਸਾਰਾ ਦਿਨ ਉਹ ਮਰਨ ਦੀ ਉਡੀਕ ਕਰਦਾ ਰਿਹਾ ਸੀ ।

'ਪਾਗਲ' ਮੈਂ ਆਖਿਆ, 'ਇਹ ਤਾਂ ਮੀਲ ਅਤੇ ਕਿਲੋਮੀਟਰ ਦੇ ਸਮਾਨ ਹੈ । ਤੂੰ ਮਰੇਂਗਾ ਨਹੀਂ । ਉਹ ਤਾਪ ਮਾਨ ਹੀ ਦੂਸਰਾ ਏ । ਉਹ ਤਾਪ ਮਾਪ ਤੇ ਸੈਂਤੀ ਅੰਸ਼ ਨਾਰਮਲ ਤਾਪਮਾਨ ਹੁੰਦਾ ਏ । ਇਸ ਤਰਾਂ ਦੇ ਤਾਪ ਮਾਪ ਤੇ ਅਠ ਨਵੇਂ ਹੁੰਦਾ ਏ ।'

'ਕੀ ਤੁਹਾਨੂੰ ਠੀਕ ਤਰਾਂ ਪਤਾ ਏ ?'

'ਬਿਲਕੁਲ, ਮੈਂ ਆਖਿਆ, 'ਇਹ ਮੀਲ ਅਤੇ ਕਿਲੋਮੀਟਰ ਵਾਂਗ ਏ । ਬਿਲਕੁਲ ਉਸੇ ਵਾਂਗ ਕਿ ਜੇ ਕਾਰ ਵਿਚ ਅਸੀਂ ਸੱਤਰ ਮੀਲ ਸਫਰ ਕਰੀਏ ਤਾਂ ਕਿੰਨੇ ਕਿਲੋਮੀਟਰ ਚੱਲਾਂਗੇ ?'

'ਓਹ ।' ਉਹਨੇ ਆਖਿਆ ।

ਮੰਜੇ ਦੀ ਪੈਂਦ ਨਾਲ ਜੁੜੀ ਉਹਦੀ ਟਿਕਟਿਕੀ ਟੁਟ ਗਈ । ਅੰਤ ਵਿਚ ਉਹਦੇ ਅੰਦਰਲਾ ਤਣਾਓ ਵੀ ਖਤਮ ਹੋ ਗਿਆ ਅਤੇ ਦੂਸਰੇ ਦਿਨ ਤਾਂ ਉਹਨੂੰ ਬੜਾ ਆਰਾਮ ਸੀ ਤੇ ਉਹ ਨਿੱਕੀਆਂ ਅਰਥਹੀਣ ਗੱਲਾਂ ਤੇ ਰੋਣ ਲਗ ਪੈਂਦਾ ਸੀ ।

ਅਨੁਵਾਦ : ਸਰਬਜੀਤ



Sri Satguru Jagjit Singh Ji Elibrary NamdhariElibrary@gmail com

ਸਿਲਸਲੇਵਾਰ ਫੀਚਰ

# ਬੀਤੇ ਦੀਆਂ ਪੈੜਾਂ

—ਪ੍ਰੀਤਮ ਸਿੰਘ ਕਵੀ

(ਲੜੀ ਜੋੜਨ ਲਈ ਸਤੰਬਰ ਅੰਕ ਵੇਖੋ)

**੪ ਦਸੰਬਰ ੧੯੬੨**
**ਜੀਵਨ ਨਗਰ**

ਆਸਾ ਦੀ ਵਾਰ ਬਾਅਦ ੭-੩੦ ਵਜੇ ਪ੍ਰੈਸ ਵਾਲਿਆਂ ਨਾਲ ਸ੍ਰੀ ਸਤਿਗੁਰੂ ਜੀ ਨੇ ਮੀਟਿੰਗ ਕੀਤੀ। ਸੰਤ ਮੰਗਲ ਸਿੰਘ ਲਾਇਲਪੁਰੀ ਨੇ ਇਸ ਮੌਕੇ ਤੋਂ ਖੂਬ ਲਾਭ ਉਠਾਇਆ ਪਰ ਪ੍ਰੈਸ ਵਾਲੇ ਕੋਈ ਗੱਲ ਨਾ ਕਰ ਸਕੇ।

ਇਸ ਤੋਂ ਪਿਛੋਂ ਹੋਰ ਕੰਮਾਂ ਤੋਂ ਇਲਾਵਾ ਸਤਿਗੁਰੂ ਜੀ ਹਵਾਈ ਅੱਡੇ ਦੀ ਤਿਆਰੀ ਵਾਸਤੇ ਦੋ ਕੁ ਵਾਰ ਖੇਤਾਂ ਵਲ ਗਏ।

ਸੰਤ ਮੰਗਲ ਸਿੰਘ ਹੁਰਾਂ 'ਨਵਾਂ ਹਿੰਦੁਸਤਾਨ' ਅਖਬਾਰ ਬਾਰੇ ਸਤਿਗੁਰੂ ਜੀ ਨਾਲ ਗੱਲਾਂ ਬਾਤਾਂ ਕਰ ਲਈਆਂ। ਕਹਿਓ ਨੇ ਕਿ ਸਤਿਗੁਰੂ ਜੀ ਨੇ ਕੱਲ ਆਸਾ ਦੀ ਵਾਰ ਸਮੇਂ ਸੰਤ ਨਗਰ ਜਾਣ ਵਾਸਤੇ ਪੱਕੀ ਕੀਤੀ ਹੈ।

**੫ ਦਸੰਬਰ ੧੯੬੨**
**ਜੀਵਨ ਨਗਰ**

ਰਾਤੀ ਅਨੇਰੀ ਚਲਣੀ ਸ਼ੁਰੂ ਹੋ ਗਈ।

ਸਾਰਾ ਦਿਨ ਪੁਰੇ ਦੀ ਵਾ ਚਲਦੀ ਰਹੀ। ਬੜੀ ਠੰਢ ਹੋ ਗਈ। ਲੋਕੀਂ ਠੱਕੇ ਤੋਂ ਡਰਦੇ ਅੰਦਰ ਵੜਕੇ ਬੈਠੇ ਰਹੇ। ਅੱਜ ਆਸਾ ਦੀ ਵਾਰ ਮਾਈ ਸਰਬੰਧਣ ਸੰਤ ਨਗਰ ਦੇ ਵਲ ਸੀ।

ਬਾਹਰ ਦਾ ਠੱਕਾ ਲੋਕਾਂ ਦੇ ਕੰਮ ਕਾਰ ਵਿਚ ਕਾਫੀ ਰੋਕ ਸੀ। ਸਤਿਗੁਰੂ ਜੀ ਪਾਸ ੧੧ ਤੋਂ ੧ ਵਜੇ ਤਕ ਮੈਂ ਵੀ ਬੈਠਾ ਰਿਹਾ। ਏਥੇ ਨੰਬਰਦਾਰ ਅਮਰ ਸਿੰਘ ਸਰਪੰਚ ਸ੍ਰ. ਹਰੀ ਸਿੰਘ ਕਰੀ ਵਾਲਾ ਅਤੇ ਸੰਤ ਸਰਧਾ ਸਿੰਘ ਨਕੋਦਾ ਸਤਿਗੁਰੂ ਜੀ ਨਾਲ ਵਿਹਾਰਕ ਗੱਲਾਂ ਬਾਤਾਂ ਕਰਦੇ ਰਹੇ।

ਸਤਿਗੁਰੂ ਜੀ ਨੇ ਸੰਤ ਸਰਧਾ ਸਿੰਘ ਨੂੰ ਕਿਹਾ : ਤੁਹਾਡੇ ਪਿੰਡ ਦੇ ੧੫੦ ਮਣ ਕਣਕ ਲੈ ਗਏ ਹਨ। ਤੁਸੀਂ ਫੇਰ ਦਾਣੇ ਮੰਗਣ ਆ ਗਏ ਹੋ ਅਤੇ ਜੇ ਹੋਰ ਲੋਕਾਂ ਦੀ ਮੈਂ ਸਿਫਾਰਸ਼ ਕਰ ਦਿਆਂ ਫੇਰ ਤਾਂ ਨ ਪਿੰਡ ਵਿਚ ਰੌਲਾ ਪਵੇਗਾ? ਸੰਤ ਸਰਧਾ ਸਿੰਘ ਕੁਛ ਆਦਮੀਆਂ ਦੀ ਸਿਫਾਰਸ਼ ਕਰਨ ਆਇਆ ਸੀ। ਸਤਿਗੁਰੂ ਜੀ ਨੇ ਉਸ ਨੂੰ ਮਹਾਰਾਜ ਬੀਰ ਸਿੰਘ ਜੀ ਦੀ ਉਡੀਕ ਕਰਨ ਲਈ ਕਿਹਾ।

**ਦ੍ਰਿੜ੍ਹਤਾ**

ਏਥੇ ਬੈਠਿਆਂ ਹੀ ਸ੍ਰ. ਅਨੂਪ ਸਿੰਘ ਰੀਟਾਇਰਡ ਐਸ. ਪੀ. ਕਿਸੇ ਦੇ ਵਿਆਹ ਦੀ ਸਿਫਾਰਸ਼ ਲੈਕੇ ਆਏ। ਉਹਨਾਂ ਬਖਸ਼ਸ਼, ਸਿਖ ਦਾ ਕਰਤਵ, ਸਤਿਗੁਰੂ ਦੀ ਦਿਆਲਤਾ ਆਦਿ 'ਤੇ ਵਿਚਾਰ ਕਰ ਕਰਵਾ ਕੇ ਜਦੋਂ ਉਸ ਵਿਆਹ ਬਾਰੇ ਗੱਲ ਕੀਤੀ, ਜਿਸ ਮਨੋਰਥ ਲਈ ਆਏ ਸਨ ਤਾਂ ਸਤਿਗੁਰੂ ਜੀ ਨੇ ਸਾਫ ਕਿਹਾ : ਜੇ ਮੇਰੇ ਪਾਸ ਬੈਠਣ ਵਾਲੇ ਹੀ ਇਸ ਤਰਾਂ ਕਰਨ ਤਾਂ ਮੈਂ ਕਿਸਨੂੰ ਰੋਕਾਂਗਾ? ਮੈਨੂੰ ਭਾਵੇਂ ਕੱਲੇ ਨੂੰ ਗੜਵਾ ਫੜ ਕੇ ਤੁਰਨਾ ਪਵੇ ਪਰ ਮੈਂ ਮੰਗਣੀਆਂ ਮੁਕਲਾਵਿਆਂ ਦਾ ਖਰਚ ਜ਼ਰੂਰ ਰੋਕਾਂਗਾ। ਸਤਿਗੁਰੂ ਕਿਰਪਾ ਕਰਨਗੇ, ਮੈਨੂੰ ਸਫਲਤਾ ਮਿਲੇਗੀ।

ਸਤਿਗੁਰੂ ਜੀ ਦੀ ਕਮਾਲ ਦੀ ਦ੍ਰਿੜ੍ਹਤਾ ਵੇਖੀ।

**੬ ਦਸੰਬਰ ੧੯੬੨**
**ਸ੍ਰੀ ਜੀਵਨ ਨਗਰ**

ਆਸਾ ਦੀ ਵਾਰ ਸਮੇਂ, ਮਿਲਣੀ ਮੁਕਲਾਵੇ ਦੀ ਅੱਵਗਿਆ ਕਰਨ ਵਾਲਿਆਂ ਸਤਿਗੁਰੂ ਜੀ ਤੋਂ ਖਿਮਾ ਮੰਗੀ। ਅੱਜ ੬ ਵਿਆਹ ਹੋਏ। ਕਰੀਬ ੪੦੦ ਆਦਮੀ ਇਸਤਰੀਆਂ ਦੀਵਾਨ ਵਿਚ ਹਾਜ਼ਰ ਸਨ। ਸਤਿਗੁਰੂ ਜੀ ਨੇ ਆਪਣੇ ਪਰਵਚਨ ਵਿਚ ਜ਼ੋਰ ਦਿਤਾ : ਮਿਲਣੀਆਂ, ਮੰਗਣੀਆਂ, ਮੁਕਲਾਵਿਆਂ ਨੂੰ ਰੋਕ ਦਿਓ। ਨਾਮਧਾਰੀਓ, ਨਾ ਪੁਠੀ ਪੈਰੀਂ ਤੁਰੋ।

ਰਾਤੀਂ ੧੧ ਵਜੇ ਸੇਠ ਸੁਦਰਸ਼ਨ ਸਿੰਘ ਸੇਠ ਗੁਰਬਖਸ਼ ਸਿੰਘ ਪ੍ਰੀਤਮ ਦਾ ਲੜਕਾ ਗੁਰੂ ਦਰਸ਼ਨਾਂ ਨੂੰ ਆਇਆ। ਮੈਨੂੰ ਮਿਲਿਆ ਤਾਂ ਪਤਾ ਲਗਾ ਕਿ ਅਜੇ ਉਸਦੇ ਮਾਤਾ (ਬੀਬੀ ਪ੍ਰਕਾਸ਼ ਕੌਰ) ਪਿਤਾ ਦੀ ਸਿਹਤ ਵਲ ਨਹੀਂ ਹੋਈ।

ਸੰਤ ਤਰਨ ਸਿੰਘ ਵਹਿਮੀ ਸ੍ਰ. ਅਵਤਾਰ ਸਿੰਘ ਛੱਬਰ ਦੇ ਫਿਕਰ ਵਿਚ ਹੈ। ਉਹ ਵੀ ਮਾਨਸਿਕ ਪਰੇਸ਼ਾਨੀ ਦਾ ਸ਼ਿਕਾਰ ਹੈ। ਸਤਿਗੁਰੂ ਜੀ ਆਪਣੇ ਅਸੂਲ ਤੇ ਡਟੇ ਹੋਏ ਹਨ।

**ਸੰਗੀਤ ਸਭਾ**

ਰਾਤੀਂ ਕੋਠੀ ਅੰਦਰ ਸੰਗੀਤ ਸਭਾ ਹੋਈ। ਠਾਕਰ


Sri Satguru Jagjit Singh Ji Elibrary NamdhariElibrary@gmail com

(ਦਲੀਪ ਸਿੰਘ) ਜੀ, ਮਹਾਰਾਜ ਜੀ, ਸਤਿਗੁਰੂ ਜੀ ਅਤੇ ਪੰ. ਮਹਾਦੇਉ ਕੱਥਕ ਗਾਏ, ਖੂਬ ਆਨੰਦ ਬਣਿਆ। ਗਾਉਣ-ਵਜਾਉਣ ਤੋਂ ਪਹਿਲੋਂ ਮੈਂ ਕੁਛ ਅਰਜ਼ਾਂ ਸਤਿਗੁਰੂ ਜੀ ਨਾਲ ਸਾਂਝੀਆਂ ਕਰ ਲਈਆਂ। 'ਆਪ ਜੀ ਤੋਂ ਬਹੁਤ ਡਰ ਆਉਣ ਲਗ ਪਿਆ ਹੈ।' ਮੈਂ ਕਿਹਾ। ਉਹ ਮੁਸਕਰਾ ਪਏ। ਮੈਂ ਫਿਰ ਕਿਹਾ, 'ਏਨਾ ਸਖਤ ਨਹੀਂ ਹੋਣਾ ਚਾਹੀਦਾ।' 'ਕੀ ਕਰਾਂ, ਅਸੂਲ ਦੀ ਗੱਲ ਹੈ। ਜੇ ਮੈਂ ਨੇੜੇ ਦਿਆਂ ਨੂੰ ਠੀਕ ਤਰ੍ਹਾਂ ਨ 'ਮਿਲਾਂ' ਤਾਂ ਦੂਜਿਆਂ ਤੇ ਕੀ ਪ੍ਰਭਾਵ ਪਵੇਗਾ।

੭ ਦਸੰਬਰ ੧੯੬੨
ਜੀਵਨ ਨਗਰ

ਆਸਾ ਦੀ ਵਾਰ ਸੰਤ ਗੁਰਦਿਆਲ ਸਿੰਘ ਮਿਸਤਰੀ ਦੇ ਘਰ ਲਗੀ। ਸਤਿਗੁਰੂ ਜੀ ੮-੩੦ ਵਜੇ ਵਾਪਸ ਸ੍ਰੀ ਜੀਵਨ ਨਗਰ ਆਏ। ੯ ਤੋਂ ੧੧ ਵਜੇ ਤਕ ਸੰਗੀਤ ਸਭਾ ਹੋਈ। ਮੈਂ ਵੀ ਸੁਣ ਕੇ ਅਨੰਦ ਲੁਟਿਆ।

ਇਸ ਤੋਂ ਉਪਰੰਤ ਇਲਾਕੇ ਦੇ ਲੋਕ ਨਿੱਜੀ ਜਾਂ ਸਮੂਹਕ ਅਰਜ਼ਾਂ ਕਰਨ ਆਏ। ਸਤਿਗੁਰੂ ਜੀ ਹਰ ਵਿਚਾਰ ਤੇ ਆਪਣਾ ਨਿਰਨਾ ਦਿੰਦੇ ਰਹੇ।

ਬਾਅਦ ਦੁਪਹਿਰ ਸ੍ਰੀ ਮਨੀ ਰਾਮ ਬਾਗੜੀ, ਸ੍ਰੀ ਸੱਜਣ ਸਿੰਘ ਠਾਕਰ ਅਤੇ ਬਾੜੇ ਕੇ ਦੋ ਹੋਰ ਠਾਕਰ ਆਏ। ਮੇਰੇ ਡੇਰੇ ਹੀ ਆ ਉਤਰੇ। ਜ਼ਿਲਾ ਪ੍ਰੀਸ਼ਦ ਦੀ ਚੇਅਰਮੈਨਸ਼ਿਪ ਲਈ ਮਨੀ ਰਾਮ ਬਾਗੜੀ ਨੂੰ ਲਿਆਏ ਸਨ। ਇਹਨਾਂ ਮਹਾਰਾਜ ਬੀਰ ਸਿੰਘ ਜੀ ਨੂੰ ਮਿਲਣਾ ਸੀ। ਇਸ ਗਰੁਪ ਦਾ ਜ਼ੋਰ ਸੀ ਜਾਂ ਤਾਂ ਕੈਰੋਂ ਦੇ ਬੰਦੇ ਚੌਧਰੀ ਹਰੀ ਸਿੰਘ ਨਾਲ ਸਾਡਾ ਬਾ-ਇਜ਼ਤ ਸਮਝੌਤਾ ਹੋਵੇ ਜਾਂ ਸਾਡੀ ਸਿੱਧੀ ਮਦਦ ਕੀਤੀ ਜਾਏ।

ਸ੍ਰ. ਹਰੀ ਸਿੰਘ ਕਰੀਵਾਲਾ ਨੇ ਮੈਨੂੰ ਦਸਿਆ: ਇਹ ਗਰੁਪ ਮੁਢ ਤੋਂ ਹੀ ਹਰ ਮੁਸੀਬਤ ਵਿਚ ਸਾਡੇ ਨਾਲ ਰਿਹਾ ਹੈ। ਬਾੜੇ ਖਾਨੇ ਦਾ ਠਾਕਰ ਉਹ ਹੈ ਜਿਸਨੇ ਸਤਿਗੁਰੂ ਜੀ ਦੇ ਪਸ਼ੂਆਂ ਦੀ ਨੀਲਾਮੀ ਹੋਣ ਸਮੇਂ ਆਪਣੇ ਵਲੋਂ ੧,੦੦,੦੦੦ ਰੁਪਿਆ ਜ਼ਮਾਨਤ ਦੇਣ ਵਾਸਤੇ ਛਾਤੀ ਡਾਹੀ ਸੀ।

ਮਹਾਰਾਜ ਜੀ ਅਤੇ ਫਿਰ ਸਤਿਗੁਰੂ ਜੀ ਨਾਲ ਗੱਲ-ਬਾਤ ਕਰਕੇ ਮਨੀ ਰਾਮ ਅਤੇ ਉਹਦੇ ਸਾਥੀ ਵਾਪਸ ਪਰਤ ਗਏ। ਬਾਤ ਚੀਤ ਖੁਫੀਆ ਸੀ।

ਅੱਜ ਸ੍ਰ. ਅਵਤਾਰ ਸਿੰਘ ਝੱਬਰ ਬਾਮੀ ਨਿਤਨੇਮ ਪਿਛੋਂ ਸ੍ਰੀ ਸਤਿਗੁਰੂ ਜੀ ਸੋਹੀਂ ਹੱਥ ਜੋੜ ਉਠ ਖਲੋਤਾ ਤਾਂ ਸਤਿਗੁਰੂ ਜੀ ਨੇ ਦ੍ਰਵਿਤ ਹਿਰਦੇ ਨਾਲ ਉਸਨੂੰ ਕੁਛ ਸੇਵਾ ਲਾਕੇ, ਪਾਸ ਹੀ ਬੈਠਾ ਲਿਆ।

੯ ਦਸੰਬਰ ੧੯੬੨
ਸ੍ਰੀ ਜੀਵਨ ਨਗਰ

ਆਸਾ ਦੀ ਵਾਰ ਪਿਛੋਂ ਸਤਿਗੁਰੂ ਜੀ ਤੇ ਮਹਾਰਾਜ ਜੀ. ਸੰਤ ਨਗਰੀਆਂ ਤੇ ਕੁਛ ਹੋਰ ਸਿੱਖਾਂ ਨਾਲ ਵਿਚਾਰ ਵਿਮਰਸ਼ ਲਈ ਬੈਠੇ। ਫਿਰ ਕੁਛ ਸਮਾਂ ਸ੍ਰ. ਹਰੀ ਸਿੰਘ ਕਰੀਵਾਲਾ ਨਾਲ ਆਪਣੇ ਬਗੀਚੇ ਵਿਚ ਟਹਿਲਦਿਆਂ ਤੇ ਗੱਲ ਬਾਤ ਕਰਦਿਆਂ ਬਿਤਾਇਆ।

ਦੁਪਹਿਰੇ ਮੈਂ ਆਪਣਾ ਇਕ ਲੇਖ ਮਹਾਰਾਜ ਬੀਰ ਸਿੰਘ ਜੀ ਨੂੰ ਸੁਣਾਨ ਲਈ ਕਿਹਾ ਤਾਂ ਉਹਨਾਂ ਸਤਿਗੁਰੂ ਜੀ ਨਾਲ ਬੈਠਕੇ ਪੜ੍ਹਨ ਵਾਸਤੇ ਆਖਿਆ। ਫਿਰ ਦੁਹਾਂ ਭਰਾਵਾਂ ਮੈਨੂੰ ਸੁਣਿਆ। ਸਤਿਗੁਰੂ ਜੀ ਨੇ ਲੇਖ ਸੁਣਕੇ ਮੈਨੂੰ ਕੁਛ ਸੁਝਾਉ ਦਿਤੇ। ਸਤਿਗੁਰੂ ਮੁਸਕਰਾਏ: ਸੂਬੇ ਦੇ ਮੁਖ ਮੰਤਰੀ ਬਾਰੇ ਲਿਖੋ ਕਿ ਉਸਨੇ ਗਊ ਹਤਿਆ ਕਾਨੂੰਨਨ ਬੰਦ ਕੀਤੀ ਹੈ। ਹੋਰ ਪ੍ਰਾਂਤ ਵੀ ਉਸਤੋਂ ਪ੍ਰੇਰਨਾ ਲੈਣ।

੧੦ ਦਸੰਬਰ ੧੯੬੨
ਸ੍ਰੀ ਜੀਵਨ ਨਗਰ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅੰਮ੍ਰਿਤਸਰੀਆਂ ਦੇ ਖੂਹ ਤੋਂ ਬਾਅਦ ਦੁਪਹਿਰ ਆਏ। ਆਸਾ ਦੀ ਵਾਰ ਸੁਣਨ ਲਈ ਰਾਤ ਦੇ ਏਥੇ ਆਏ ਹੋਏ ਸਨ। ਅਤੇ ੩-੩੦ ਵਜੇ ਬਾਅਦ ਦੁਪਹਿਰ ਆਪਣੇ ਲੁਧਿਆਣੇ ਦੇ ਦੌਰੇ ਵਾਸਤੇ ਤਿਆਰ ਹੋਏ। ਅਰਦਾਸ ਕਰਨ ਹੀ ਲਗੇ ਸਨ ਕਿ ਮੈਨੂੰ ਆਉਂਦੇ ਨੂੰ ਵੇਖ ਰੁਕ ਗਏ। ਮੇਰੀ ਨਮਸਕਾਰ ਉਪਰੰਤ ਅਰਦਾਸ ਕੀਤੀ ਗਈ। ਸਤਿਗੁਰੂ ਜੀ ਨਿਜੀ ਸੇਵਕਾਂ ਸਮੇਤ ਗੱਡੀ ਵਿਚ ਬੈਠੇ ਦਰਸ਼ਨ ਕਰਨ ਆਈਆਂ ਸੰਗਤਾਂ ਨੂੰ ਹੱਥ ਜੋੜਦੇ, ਮੁਸਕਾਂਦੇ ਪਲ ਭਰ ਮੇਰੇ ਵਲ ਨੇਤ੍ਰ ਭਰ ਕੇ ਤਕ ਕੇ ਵਿਦਾ ਹੋ ਗਏ। ਜਾਂਦੇ ਜਾਂਦੇ ਸਭ ਦਰਸ਼ਕਾਂ ਨੂੰ ਖੁਸ਼ੀਆਂ ਬਖਸ਼ ਗਏ।

ਸਤਿਗੁਰੂ ਜੀ ਇਸ ਵਾਰ ਲਗਾਤਾਰ ਨੌਂ ਦਿਨ ਏਥੇ ਰਹੇ। ਪਰ ਬੜੇ ਕਰੜੇ।



Sri Satguru Jagjit Singh Ji Elibrary NamdhariElibrary@gmail.com

### ੧੫ ਦਸੰਬਰ ੧੯੬੨
### ਸ੍ਰੀ ਜੀਵਨ ਨਗਰ

ਪਤਾ ਲਗਾ ਹੈ ਕਿ ਅੱਜ ਸਤਿਗੁਰੂ ਜੀ ਆਪਣੇ ਭਤੀਜੇ ਵਡੇ ਠਾਕਰ (ਦਲੀਪ ਸਿੰਘ ਜੀ) ਨਾਲ ਸਿਆਮ (ਥਾਈਲੈਂਡ) ਨੂੰ ਰਵਾਨਾ ਕਰ ਗਏ ਹਨ। ਇਕੋ ਸੇਵਕ ਨਾਲ ਹੈ। ਕਿਹਾ ਜਾਂਦਾ ਹੈ ਕਿ ਉਨ੍ਹਾਂ ਦਾ ਇਹ ਜਾਣਾ ਨੈਸ਼ਨਲ ਡੀਫੈਂਸ ਫੰਡ ਲਈ ਰਕਮ ਉਗਰਾਹਣ ਲਈ ਹੀ ਹੈ। ਦੇਸ਼ ਬਣੀ ਬਿਪਤਾ ਨੂੰ ਸਤਿਗੁਰੂ ਜੀ ਗੰਭੀਰਤਾ ਨਾਲ ਲੈਂਦੇ ਹਨ। ਸੇਠ ਸੁਦਰਸ਼ਨ ਸਿੰਘ ਵੀ ਆਪਦੇ ਨਾਲ ਗਿਆ ਹੈ।

### ੨੪ ਦਸੰਬਰ ੧੯੬੨
### ਸ੍ਰੀ ਜੀਵਨ ਨਗਰ

ਅੱਜ ਸੰਤ ਕਰਮ ਸਿੰਘ ਮੁਨੀਮ ਘੋੜਿਆਂ ਵਾਲਾ ਮੇਰੇ ਕੋਲ ਕੁਝ ਸਮਾ ਆ ਬੈਠਾ। ਇਹ ਗੁਰੂ ਘਰ ਦੀ ਸੇਵਾ ਪਿਛਲੇ ੩੦-੪੦ ਸਾਲ ਤੋਂ ਕਰਦਾ ਆ ਰਿਹਾ ਹੈ। ਇਹ ਪਸ਼ੂਆਂ ਦੀਆਂ ਬਿਮਾਰੀਆਂ ਦਾ ਮਾਹਰ ਤੇ ਖਾਸ ਕਰ ਘੋੜਿਆਂ ਦਾ ਸਿਆਣਾ ਹੈ।

ਗੱਲਾਂ ਕਰਦਿਆਂ ਇਸ ਦਸਿਆ: ਇਕ ਦਿਨ ਸਤਿਗੁਰੂ ਜਗਜੀਤ ਸਿੰਘ ਜੀ ਨੇ ਮੈਨੂੰ ਕਿਹਾ ਸੀ– ਘਬਰਾਓ ਨਾ, ਤੁਹਾਨੂੰ ਰੁਪੀਆ ਸੱਟਡ ਬਣਵਾ ਕੇ ਦਿਆਂਗਾ ਮੁਨੀਮ ਨੇ ਸਤਿਗੁਰੂ ਜੀ ਦੀ ਰੱਜ ਕੇ ਪ੍ਰਸੰਸਾ ਕੀਤੀ।

### ੩੦ ਦਸੰਬਰ ੧੯੬੨
### ਸ੍ਰੀ ਜੀਵਨ ਨਗਰ ਕੰਨਿਆ ਦਾ ਜਨਮ

ਸੰਤ ਰਣਜੀਤ ਸਿੰਘ ਬਾਜਵਾ ਤੋਂ ਪਤਾ ਲਗਾ ਕਿ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਘਰ ੨੭ ਦਸੰਬਰ ਸ਼ਾਮ ਦੇ ੭ ਵਜੇ ਇਕ ਕੰਨਿਆ ਨੇ ਜਨਮ ਲਿਆ ਹੈ। ਭਾਵੇਂ ਭਾਰਤੀ ਜਨ-ਜੀਵਨ ਵਿਚ ਲੜਕੀ ਦੇ ਜਨਮ ਨੂੰ 'ਮਹਾਨਤਾ ਨਹੀਂ' ਦਿਤੀ ਜਾਂਦੀ ਪਰ ਏਥੇ ਤਾਂ ੧੭ ਸਾਲਾ ਵਿਵਾਹਿਤ ਜੀਵਨ ਤੋਂ ਬਾਅਦ ਕਿਸੇ ਦਾ ਆਗਮਨ ਸੀ, ਸੁ ਮੇਰੇ ਲਈ ਇਹ ਬੜੀ ਪ੍ਰਸੰਨਤਾ ਵਾਲੀ ਖਬਰ ਹੀ ਸੀ।

### ੩ ਜਨਵਰੀ ੧੯੬੪
### ਸ੍ਰੀ ਜੀਵਨ ਨਗਰ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਅਤੇ ਮਹਾਰਾਜ ਬੀਰ ਸਿੰਘ ਜੀ ੯ ਦਸੰਬਰ ੧੯੬੩ ਦੇ ਅਫਰੀਕਾ ਗਏ ਹੋਏ ਹਨ।

ਸਤਿਗੁਰੂ ਜੀ ੨੧ ਦਸੰਬਰ ਨੂੰ ਭਾਰਤ ਆ ਗਏ ਅਤੇ ੨੯ ਦਸੰਬਰ ੧੯੬੩ ਤਕ ਏਥੇ ਹੀ ਰਹੇ। ਫੇਰ ਅਫਰੀਕਾ ਨੂੰ ਚਲੇ ਗਏ। ਇਸ ਵਾਰ ਇਹ ਸਫਰ ਉਨ੍ਹਾਂ ਬਿਨਾ ਕਿਸੇ ਸੇਵਕ ਤੋਂ, ਇਕੱਲਿਆਂ ਹੀ ਕੀਤਾ।

### ੫ ਜਨਵਰੀ ੧੯੬੪
### ਜੀਵਨ ਨਗਰ

ਅੱਜ ਮੌਸਮ ਬੜਾ ਠੰਡਾ ਰਿਹਾ। ਪਰ ਪੰਚਾਇਤ ਚੋਣਾਂ ਕਾਰਨ ਮਾਹੌਲ ਵਿਚ ਗਰਮੀ ਆ ਗਈ। ਅਸਮਾਨ ਸਾਰਾ ਦਿਨ ਬਰਸਾਤੀ ਜਿਹਾ ਰਿਹਾ।

ਸਤਿਗੁਰੂ ਜਗਜੀਤ ਸਿੰਘ ਜੀ ਦੀ ਇਛਾ ਸੀ। ਸਾਡੇ ਹਲਕੇ ਵਿਚ ਚੋਣ ਨ ਹੋ ਕੇ ਮੈਂਬਰ ਤੇ ਸਰਪੰਚ ਸਰਬਸੰਮਤੀ ਨਾਲ ਲਏ ਜਾਣ। ਅਤੇ ਜਦੋਂ ਚੋਣਾਂ ਹੋਈਆਂ, ਕਈ ਪਿੰਡਾਂ ਦੇ ਨਾਮਧਾਰੀਆਂ ਨੇ, ਪੰਚਾਇਤ ਚੋਣ ਕਮੇਟੀਆਂ ਦੇ ਤਜਵੀਜ਼ ਕੀਤੇ ਬੰਦੇ ਹੀ ਪਰਵਾਨ ਚਾੜ੍ਹੇ।

—ਰਾਣੀਆਂ ਵਿਚ ਕਮੇਟੀ ਤਜਵੀਜ਼ ਕੀਤੇ ਸਰਪੰਚ ਨੂੰ ਹਾਰ ਹੋਈ। ਨਾਮਧਾਰੀ ਉਸ ਨੂੰ ਪਸੰਦ ਨਹੀਂ ਸਨ ਕਰਦੇ।

—ਨਕੋਦਰ ਦੀ ਪੰਚਾਇਤ ਪਹਿਲਾਂ ਮਿਥੇ ਅਨੁਸਾਰ, ਬਿਨਾ ਕਿਸੇ ਬਿਤਕ ਬਿਤਕਾਉ ਤੋਂ ਸਫਲ ਹੋਈ।

—ਕਰੀਵਾਲਾ ਵਿਚ ਬਿਤਕਾਉ ਜਾਰੀ ਸੀ, ਪਰ ਸੰਤ ਨਗਰੀਆਂ ਨੇ ਪੰਚਾਇਤ ਕਮੇਟੀ ਦੀ ਇਛਾ ਅਨੁਸਾਰ ਬਿਨਾ ਚੋਣ ਤੋਂ ਪੰਚਾਇਤ ਬਣਵਾ ਲਈ। ਪੰਚਾਇਤ ਕਮੇਟੀ ਨੇ ਏਥੇ ਇਕ ਹਰੀ ਜਨ ਨੂੰ ਸਰਪੰਚ ਥਾਪਿਆ।

—ਦਮਦਮੇ ਵਿਚ ਚੋਣ ਭਾਵੇਂ ਹੋ ਗਈ ਪਰ ਸਫਲ ਪੰਚਾਇਤ ਕਮੇਟੀ ਦੇ ਬੰਦੇ ਹੀ ਹੋਏ।

—ਕਰੀਵਾਲਾ ਦੀ ਪੰਚਾਇਤ ਦੀ ਚੋਣ ੯ ਜਨਵਰੀ ੧੯੬੪ ਨੂੰ ਹੋਵੇਗੀ।

—ਜੀਵਨ ਨਗਰ ਦੀ ਪੰਚਾਇਤ ਵੀ, ਜੀਵਨ ਨਗਰ ਵਾਲਿਆਂ ਦੇ ਤਿਆਗ ਨਾਲ ਚੋਣ ਤੋਂ ਬਿਨਾ ਸਫਲ ਹੋ ਗਈ।

### ੧੦ ਜਨਵਰੀ ੧੯੬੪
### ਸਾਹਿਤ ਸਭਾ ਦੀ ਚੋਣ

ਰਾਤੀਂ ਸੰਤ ਨਗਰ ਵਿਚ ਨਾਮਧਾਰੀ ਸਾਹਿਤ ਸਭਾ



Sri Satguru Jagjit Singh Ji Elibrary NamdhariElibrary@gmail.com

। ਚੋਣ ਹੋਈ । ਇਸ ਵਿਚ ਸਰਬ ਸੰਮਤੀ ਨਾਲ ਮਾਸਟਰ ਸਰੀਕ ਸਿੰਘ(ਅਮ੍ਰਿਤਸਰ ਕਲਾਂ)ਪ੍ਰਧਾਨ, ਸ੍ਰੀ ਗੁਰਭਜਨ ਸਿੰਘ ਭਤ੍ਰ ਅਤੇ ਸ੍ਰੀ ਕੇਹਰ ਸਿੰਘ ਹਮਰਾਹੀ ਖਜ਼ਾਨਚੀ ਗਏ.ਚੁਣੇ ਉਪ ਧਾਨ ਡਾਕਟਰ ਨਿਰੰਜਨ ਸਿੰਘ, ਸਹਾਇਕ ਸਕਤ੍ਰ ਸ੍ਰੀ ਸੰਤੋਖ ਸੰਘ ਸਾਜਨ ਚੁਣੇ ਗਏ । ਸ੍ਰੀ ਬਲਬੀਰ ਸਿੰਘ ਅਤੇ ਸ੍ਰੀ ਸੁਖਬਖਸ਼ ਸਿੰਘ ਰਾਮਪੁਰੀ ਮੈਂਬਰ ਐਗਜ਼ੈਕਟਿਵ ਕਮੇਟੀ ਏ ।

ਖਜੂਰ ਪਾਰਟੀ ਹੋਈ ।

ਬਸੰਤ ਅਤੇ ਹੋਲੇ ਦੇ ਕਵੀ ਦਰਬਾਰਾਂ ਲਈ ਸਮੱਸਿਆਵਾਂ ਰਖੀਆਂ ਗਈਆਂ । ਅੱਜ ਦਾ ਲਿਖਿਆ ਮੇਰਾ ਲੇਖ ਸੁਣਕੇ ਸਲਾਹਿਆ ਗਿਆ ੧੧-੩੦ ਵਜੇ ਰਾਤੀਂ ਮੀਟਿੰਗ ਖਤਮ ਹੋਈ ।

੨੩ ਜਨਵਰੀ ੧੯੬੪

ਸੰਤ ਤਰਲੋਕ ਸਿੰਘ ਐਲਨਾਬਾਦੀ ਪੱਕੀ ਕਰ ਗਏ ਹਨ ਕਿ ਮੈਂ ਜ਼ਰੂਰ ਹੀ ਅੱਜ ਸ਼ਾਮੀ ਉਨ੍ਹਾਂ ਦੇ ਘਰ ਐਲਨਾਬਾਦ ਕਵੀ ਦਰਬਾਰ ਸਮੇ ਆਵਾਂ ।

ਪਤਾ ਲਗਾ ਹੈ ਕਿ ਸਤਿਗੁਰੂ ਜੀ ਕਲ੍ਹ ਦੇ ਦਿੱਲੀਓਂ ਭੈਣੀ ਸਾਹਿਬ ਪਹੁੰਚ ਗਏ ਹਨ । ਦੇਵਰ ਮਹਾਰਾਜ ਬੀਰ ਸਿੰਘ ਜੀ ਨੇ ਸਰਸੇ ਜੀਪ ਮੰਗਾ ਘੱਲੀ ਹੈ, ਅਜ ਜੀਵਨ ਨਗਰ ਆਉਣ ਲਈ ।

ਮਹਾਰਾਜ ਬੀਰ ਸਿੰਘ ਜੀ ਜਲਦੀ ਹੀ ਆ ਗਏ । ਮਿਲੇ । ਉਹਨਾਂ ਅਫਰੀਕਾ ਵਿਚ ਜੰਮੇ ਕਨਿਆਟਾ ਨਾਲ ਖਿਚੀਆਂ ਗਈਆਂ ਫੋਟੋ ਵਿਖਾ ਕੇ ਓਥੋਂ ਦੀਆਂ ਕੁਝ ਗਲਾਂ ਸੁਣਾਈਆਂ ।

ਐਲਨਾਬਾਦ ਕਵੀ ਦਰਬਾਰ

ਰਾਤੀਂ ਨਾਮਧਾਰੀ ਸਾਹਿਤ ਸਭਾ ਦੇ ਕਵੀ ਜਨ ਐਲਨਾਬਾਦ ਚਲੇ ਗਏ । ਇਹ ਕਵੀ ਦਰਬਾਰ ਦਾ ਉਦਮ ਸੰਤ ਤਰਲੋਕ ਸਿੰਘ ਵਲੋਂ ਹੋ ਰਿਹਾ ਸੀ । ਪਰ ਉਸਦੀ ਬਰਾਦਰੀ ਰੁੱਸੀ ਹੋਈ ਸੀ । ਸੰਤ ਤਰਲੋਕ ਚੰਗੇ ਧਨੀ ਮਾਨੀ ਆਦਮੀ ਹਨ । ਮਿਹਨਤੀ ਹਨ, ਉਦਾਰ ਹਨ – ਹਰ ਕਵੀ ਦਰਬਾਰ ਤੇ ਹਰੇਕ ਕਵੀ ਨੂੰ ੨ ਤੋਂ ੫ ਰੁਪੈ ਤਕ ਹੌਸਲਾ ਅਫਜ਼ਾਈ ਕਰਦੇ ਹਨ । ਚੱਕੀ ਤੇਲ-ਚਕੀ ਤੇ ਹੋਰ ਮਸ਼ੀਨਾਂ ਚਲਦੀਆਂ ਹਨ ਇਨ੍ਹਾਂ ਦੀਆਂ । ਨਵੀਂ-ਪੱਕੀ ਮਕਾਨ ਉਸਾਰੀ ਕੁਝ ਹੁਣੇ ਹੀ ਮੁਕੰਮਲ ਕੀਤੀ ਨੇ । ਉਨ੍ਹਾਂ ਦਾ ਭਾਈਚਾਰਾ ਉਨ੍ਹਾਂ ਦੀ ਉਦਾਰਤਾ ਕਰਕੇ ਹੀ ਨਫਰਤ ਕਰਦਾ ਹੈ । ਉਨ੍ਹਾਂ ਨੂੰ ਘਰ ਸਮਾਗਮ ਨਹੀਂ ਕਰਨ ਦਿੰਦਾ । ਜੇ ਕਰ ਬਹਿਣ ਤਾਂ ਉਨ੍ਹਾਂ ਦੇ ਘਰ ਨਹੀਂ ਜਾਂਦੇ ।

ਅੱਜ ਕਵੀ ਦਰਬਾਰ ਸਮੇਂ ਮੈਂ ਹੀ ਸਕਤ੍ਰ ਸਾਂ । ਰਾਤੀਂ ਕਵੀ ਦਰਬਾਰ ਸ਼ਾਨ ਨਾਲ ਹੋਇਆ ।

੨੪ ਜਨਵਰੀ ੧੯੬੪

ਜੀਵਨ ਨਗਰ

ਸਤਿਗੁਰੂ ਜੀ ਰਾਤੀਂ ੯ ਵਜੇ ਦੇ ਕਰੀਬ ਜੀਵਨ ਨਗਰ ਪਹੁੰਚ ਗਏ ਹਨ । ਅਸੀਂ ਐਲਨਾਬਾਦ ਤੋਂ ੧੧ ਵਜੇ ਜੀਵਨ ਨਗਰ ਪਹੁੰਚੇ । ਸਤਿਗੁਰੂ ਜੀ ਦੇ ਦਰਸ਼ਨ ੨-੦੦ ਵਜੇ ਹੀ ਹੋ ਸਕੇ । ਬੜੇ ਪਿਆਰ ਨਾਲ ਆਪ ਨੇ ਨਿਵਾਜਿਆ ਲੁਦ੍ਹਿਓ ਪਹਿਰ ਫੇਰ ਮਿਲੇ ਤਾਂ 'ਨਵਾਂ ਹਿੰਦੁਸਤਾਨ (ਨਾਮਧਾਰੀ ਰੋਜ਼ਾਨਾ ਅਖਬਾਰ) ਬਾਰੇ ਕੁਝ ਗੱਲਾਂ ਬਾਤਾਂ ਹੋਈਆਂ । ਬਹੁਤ ਸਾਰਾ ਦਿਲ ਪਰਚਾਵਾ ਵੀ ਹੋਇਆ । ਸਤਿਗੁਰੂ ਜੀ ਨੇ ਬਾਅਦ ਵਿਚ ਮੈਨੂੰ ਕੁਝ ਅਮਰੂਦ ਖਾਣ ਨੂੰ ਦਿੱਤੇ, ਇਹ ਕਹਿ ਕੇ; ਜੋ ਮੈਨੂੰ ਸੁਆਦ ਨਾ ਲਗਣ ਮੈਂ ਕਵੀ ਜੀ ਨੂੰ ਦੇ ਦਿੰਦਾ ਹਾਂ । ਮੈਂ ਉੱਤਰ ਵਿਚ ਕਿਹਾ: ਤੁਸੀਂ ਮੈਨੂੰ ਮਾਣ ਦਿੰਦੇ ਹੋ ਕਿ ਮੈਂ ਵੀ ਉਨ੍ਹਾਂ ਨੂੰ ਚੱਖ ਵੇਖਾਂ ਜਿਨ੍ਹਾਂ ਦਾ ਸੁਆਦ ਤੁਸਾਂ ਮਾਣਿਆ ਹੈ ।

ਮਹਾਰਾਜ ਬੀਰ ਸਿੰਘ ਜੀ ਅੱਜ ਸ਼ਾਮੀਂ ਦਿਲੀ ਨੂੰ ਚਲੇ ਗਏ ।

੨੫ ਜਨਵਰੀ ੧੯੬੪

ਜੀਵਨ ਨਗਰ

ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਨੇ ਆਪਣੀ ਨਵੀਨ ਕਾਰ ਪਾਸ ਖਲੋਤਿਆਂ ਆਪਣੇ ਇਕ ਪੱਤਰ ਤੇ ਆਪ ਐਡਰੇਸ ਲਿਖ ਅਤੇ ਗੂੰਦ ਨਾਲ ਬੰਦ ਕਰਦਿਆਂ ਮੇਰੇ ਨਾਲ ਆਪਣੇ ਲਿਹਾਜ਼ ਦਾ ਇਜ਼ਹਾਰ ਇੰਜ ਆਖ ਕੇ ਕੀਤਾ ਮੈਂ ਕਵੀ ਜੀ ਨੂੰ ਘੱਟ ਤੋਂ ਘੱਟ ਖੇਚਲ ਦੇਣੀ ਚਾਹੁੰਦਾ ਹਾਂ ।

੨੬ ਜਨਵਰੀ ੧੯੬੪

ਜੀਵਨ ਨਗਰ

ਸਤਿਗੁਰੂ ਜੀ ਨੇ ੧੨ ਪੰਚਾਇਤਾਂ ਦੇ ਪੰਚਾਂ ਅਤੇ ਸਰਪੰਚਾਂ ਨੂੰ ਮੈਨੂੰ ਮੇਰੇ ਆਪਣੇ ਦਸਤਖਤਾਂ ਨਾਲ ਚਿੱਠੀਆਂ ਭੇਜਣ ਲਈ ਕਿਹਾ । ਜਿਨ੍ਹਾਂ ਅਨੁਸਾਰ ਉਹਨਾਂ ੨੯ ਜਨਵਰੀ ਠੀਕ ੧੦ ਵਜੇ ਕੋਠੀ ਜੀਵਨ ਨਗਰ ਪਹੁੰਚਣਾ ਸੀ । ਇਸ ਦਿਨ ਇਕ



Sri Satguru Jagjit Singh Ji Elibrary NamdhariElibrary@gmail.com

ਜ਼ਰੂਰੀ ਮੀਟਿੰਗ ਸੀ । ਮੈਂ ਇਸ ਆਗਿਆ ਦਾ ਬਖੂਬੀ ਪਾਲਨ ਕੀਤਾ ।

ਸਤਿਗੁਰੂ ਜੀ ਨੇ ਮੈਨੂੰ ਲਉਂਦੇ ਪਹਿਰ ਜੋਮੋ ਕਨਿਆਟਾ (ਪ੍ਰੈਜ਼ੀਡੈਂਟ ਕੀਨੀਆ, ਅਫਰੀਕਾ) ਵਲੋਂ ਆਪ ਦੀ ਪ੍ਰਸੰਸਾ ਵਿਚ ਲਿਖਿਆ ਪੱਤਰ ਪੜ੍ਹਾਇਆ ਤੇ ਫਿਰ ਸ੍ਰ. ਅਵਤਾਰ ਸਿੰਘ ਕਰੀਵਾਲਾ ਨੂੰ ਦਿੰਦਿਆ ਮੈਨੂੰ ਸੰਕੇਤ ਕੀਤਾ: ਘਰੇ ਮੌਜ ਲਓ, ਸਾਡੇ ਪਿਛੇ ਆਉਣ ਦੀ ਲੋੜ ਨਹੀਂ ।

ਸ੍ਰੀ ਸੂਰਜ ਭਾਨ ਸ਼ਰਮਾ ਅਤੇ ਹੰਸ ਰਾਜ ਸ਼ਰਮਾ ਆਦਿ ਜੀਵਨ ਨਗਰ ਆਕੇ ਸਤਿਗੁਰੂ ਜੀ ਨੂੰ ਮਿਲੇ ।

ਪੁਲਿਸ ਦਾ ਨਵਾਂ ਥਾਣੇਦਾਰ ਸਰਸਿਓਂ ਬਦਲ ਕੇ ਇਥੇ ਆਇਆ ਹੈ, ਇਸ ਨੇ ਵੀ ਆਕੇ ਸਤਿਗੁਰਾਂ ਦੇ ਦਰਸ਼ਨ ਕੀਤੇ ਇਹ ਸਿਖ ਸਰਦਾਰ ਹੈ ।

ਰਾਤੀਂ ਨਰਿੰਦਰ ਸਿੰਘ ਬਾਜਵਾ ਪਟਿਆਲਿਓਂ ਆਇਆ ਅਖੇ ਮੈਨੂੰ ਸਤਿਗੁਰਾਂ ਬੁਲਾ ਘੱਲਿਆ ਹੈ । ਪਰ ਹੁਣ ਕੱਲ੍ਹ ਮਿਲਣ ਲਈ ਆਗਿਆ ਕੀਤੀ ਹੈ ।

## ੨੭ ਜਨਵਰੀ ੯੬੪

## ਜੀਵਨ ਨਗਰ

ਸਤਿਗੁਰੂ ਜੀ ਸਵੇਰ ਦੇ ਹਿਸਾਰ ਗਏ ਹੋਏ ਨੇ, ਉਥੇ ਸ੍ਰ. ਅਜਮੇਰ ਸਿੰਘ ਮਨਿਸਟਰ ਨੇ ਆਉਣਾ ਸੀ । ਉਸ ਨਾਲ ਕੁਝ ਜ਼ਰੂਰੀ ਕੰਮ ਸਨ । ਸ਼ਾਮ ਦੇ ੬ ਵਜ ਗਏ ਹਨ ਪਰ ਅਜੇ ਤਕ ਵਾਪਸ ਨਹੀਂ ਪਰਤੇ ।

ਮੈਨੂੰ ਕਲ ਸਤਿਗੁਰਾਂ ਆਗਿਆ ਕੀਤੀ ਕਿ ਮੈਂ (ਕਵੀ) ੨੯. ੧. ੬੪ ਨੂੰ ਦਿੱਲੀ ਵਿਚ ਅਰੰਭ ਹੋ ਰਹੀ 'ਦੇਸ਼ ਕੀ ਪੁਕਾਰ' ਪਰਦਸ਼ਨੀ ਨੂੰ ਅਮਰ ਭਾਰਤੀ ਤੇ ਸੰਤ ਮੰਗਲ ਸਿੰਘ ਲਾਇਲਪੁਰੀ-ਨਾਲ ਜਾਕੇ ਵੇਖਾਂ । ਸੋ ਮੈਂ ਅੱਜ ਤਿਆਰ ਹਾਂ । ਬਾਕੀ ਦਿਨ ਮੇਰੇ ਸਫਰ ਜਾਂ ਦਿੱਲੀ ਵਿਚ ਬੀਤਣਗੇ । ਹੋ ਸਕਦਾ ਹੈ ਮੈਂ ੨ ਫਰਵਰੀ ੬੪ ਤੱਕ ਹੀ ਵਾਪਸ ਮੁੜਾਂ ਕਿਉਂਕਿ ਦਿੱਲੀ ਵਿਚ ਬਸੰਤ ਦਾ ਮੇਲਾ ਵੀ ਹੈ ।

## ੨੮ ਜਨਵਰੀ ੬੪

## ਹਾਦਸਾ

ਮੈਂ ਦਿੱਲੀ ਪਹੁੰਚਣ ਲਈ ਅੱਜ ਤੁਰਿਆ ।

ਸਤਿਗੁਰੂ ਜੀ ਕੱਲ੍ਹ ਜਦੋਂ ਹਿਸਾਰੋਂ ਪਰਤ ਰਹੇ ਸਨ ਤਾਂ ਉਨ੍ਹਾਂ ਦੀ ੬੨ ਮਾਡਲ ਦੀ ਸ਼ਿਵਰਲੈਟ ਨਾਲ ਇਕ ਸਾਈਕਲ ਸਵਾਰ ਦੀ ਟੱਕਰ ਹੋ ਗਈ । ਕਾਰ ਸਤਿਗੁਰੂ ਜੀ ਖੁਦ ਡਰਾਈਵ ਕਰ ਰਹੇ ਸਨ । ਸਾਈਕਲ ਵਾਲੇ ਨੂੰ ਬਚਾਉਣ ਦੀ ਬੜੀ ਕੋਸ਼ਸ਼ ਕੀਤੀ ਗਈ, ਪਰ ਉਹ ਰੌਂਗ ਸਾਈਡ ਕਰਕੇ ਅੱਗੇ ਹੀ ਅੱਗੇ ਰਹਿਕੇ ਅਚਾਨਕ ਮੋਟਰ ਨਾਲ ਟਕਰਾ ਗਿਆ ਐਨ ਸਮੇਂ ਸਿਰ ਜ਼ਬਰਦਸਤ ਬ੍ਰੇਕ ਲਗਾਣ ਨਾਲ ਉਹ ਆਪ ਤਾਂ ਬਚ ਗਿਆ ਪਰ ਉਸ ਦਾ ਸਾਈਕਲ ਬੋਨਟ ਤੇ ਵੱਜ ਸਾਹਮਣੇ ਸ਼ੀਸ਼ੇ ਤੇ ਜਾ ਟਕਰਾਇਆ । ਸ਼ੀਸ਼ਾ ਇਕ ਪਾਸਿਓਂ ਤ੍ਰੇੜਿਆ ਗਿਆ ਸ੍ਰ. ਅਵਤਾਰ ਸਿੰਘ ਕਰੀਵਾਲਾ ਆਪ ਜੀ ਦੇ ਨਾਲ ਸੀ ।

## ਦਿੱਲੀ

ਮੈਂ ਆਪਣੇ ਲੜਕੇ ਮਨਧੀਰ ਸਿੰਘ ਨੂੰ ਸਰਸੇ ਮਿਲਕੇ ੧ ਵਜੇ ਦੀ ਬੱਸ ਲੈ ਕੇ ਰਾਤੀਂ ੮ ਵਜੇ ਦਿੱਲੀ ਸੰਤ ਮੰਗਲ ਸਿੰਘ ਜੀ ਘਰ ਜਨਤਾ ਕਾਲੋਨੀ ਵਿਖੇ ਪਹੁੰਚ ਗਿਆ । ਸੰਤ ਮੰਗਲ ਸਿੰਘ ਲਾਇਲਪੁਰੀ ਕਾਫੀ ਕਮਜ਼ੋਰ ਹਾਲਤ ਵਿਚ ਬਿਸਤਰੇ 'ਚ ਪਏ ਸਨ । ਉਹਨਾਂ ਨੂੰ ਨਵਾਂ ਹਿੰਦੁਸਤਾਨ ਨੇ ਖਾ ਥੱਕਿਆ ਹੈ । ਉਹਨਾਂ ਦਾ ਇਸ ਨਾਲ ਅਸਲੀ ਮੋਹ ਹੈ । ਭਾਵੇਂ ਉਹ ਇਨ੍ਹਾਂ ਦੀ ਮਾਲਿਕੀ ਤੋਂ ਨਿਕਲ ਗਿਆ ਹੈ ਫਿਰ ਵੀ ਇਹ ਉਸੇ ਦੀ ਚਿੰਤਾ ਕਰਦੇ ਰਹਿੰਦੇ ਹਨ । ਦੂਜੇ ਇਹਨਾਂ ਦੇ ਪ੍ਰੈਸ ਦਾ ਵੀ ਗੰਭੀਰ ਮਸਲਾ ਹੈ । ਜੇ ਉਹ ਧਰਮਸਾਲਾ ਪਹਾੜਗੰਜ ਤੋਂ ਚੁਕ ਲਿਆਉਣ ਤਾਂ ਮਾਰਕਿਟ ਤੋਂ ਦੂਰ ਹੋ ਜਾਂਦਾ ਹੈ, ਉਥੇ ਦਿੱਲੀ ਕਮੇਟੀ ਵਾਲੇ ਨਹੀਂ ਰਹਿਣ ਦਿੰਦੇ । ਸੰਤਾਂ ਨੂੰ ਮੈਨੂੰ ਮਿਲ ਕੇ ਬੜਾ ਚਾਅ ਚੜ੍ਹਿਆ ।

## ੨੯ ਜਨਵਰੀ ੧੯੬੪

## ਦਿੱਲੀ

ਅਮਰ ਭਾਰਤੀ ਜੀ ਵੀ ੧੯ ਬਾਲੀ ਨਗਰ ਆ ਕੇ ਮਿਲੇ, ਜਿਥੇ ਸੰਤ ਮੰਗਲ ਸਿੰਘ ਜੀ ਦੀ ਪਤਨੀ ਅਤੇ ਬੱਚੇ ਰਹਿੰਦੇ ਸਨ । ਸੰਤ ਜੀ ਅਤੇ ਭਾਰਤੀ ਜੀ ਨੂੰ ਮੈਂ ਆਪਣੀ ਰਚਨਾ "ਗੁਲਾਬ ਦਾ ਫੁੱਲ" ਅਤੇ "ਅਸਲੀ ਦੋਸ਼ੀ". ਸੰਤ ਸੁੰਦਰ ਸਿੰਘ ਭੁੰਗੀ ਵਾਲੇ ਮਾਨਾਵਾਲੀਏ ਹੁਰਾਂ ਤੇ ਲਿਖੀ ਕਹਾਣੀ ਸੁਣਾਈ । ਦੋਹਾਂ ਨੇ ਹੀ ਮੇਰੀਆਂ ਲਿਖਤਾਂ ਨੂੰ ਪਸੰਦ ਕੀਤਾ ਅਤੇ ਭਾਰਤੀ ਜੀ "ਚਕਰਦੂਤ" (ਹਫਤੇ ਵਾਰ) ਲਈ ਮੇਰੀਆਂ ਲਿਖਤਾਂ ਮੰਗੀਆਂ ।

ਭਾਰਤੀ ਜੀ ਨੇ "ਨਵਾਂ ਹਿੰਦੁਸਤਾਨ" ਦੀ ਥਾਂ ਤੇ ਆਪਣੇ ਵਲੋਂ 'ਚਕਰਦੂਤ' ਜਾਰੀ ਕੀਤਾ ਹੈ ਪਰ ਇਹ ਅਖਬਾਰ ਵੀ ਸਤਿਗੁਰੂ ਜਗਜੀਤ ਜੀ ਦੀ ਕਿਰਪਾ ਦਾ ਪਾਤਰ ਹੈ । ਆਰਥਿ



Sri Satguru Jagjit Singh Ji Elibrary NamdhariElibrary@gmail.com

ਮਦਦ ਇਹ ਨਹੀਂ ਚਾਹੁੰਦੇ, ਪਿਆਰ ਜ਼ਰੂਰ ਮੰਗਦੇ ਹਨ ।

'ਨਵਾਂ ਹਿੰਦੁਸਤਾਨ' ਦੇ ਦਫਤਰੋਂ ਹੋ ਕੇ ਰਾਤ ਭਾਰਤੀ ਜੀ ਪਾਸ ਰਿਹਾ ।

ਮੈਂ ੨੯ ਜਨਵਰੀ ਦੀ ਜਿਸ ਚਿੱਤਰ ਪਰਦਰਸ਼ਨੀ ਲਈ ਆਇਆ ਸਾਂ ਉਹ ਲਗੀ ਹੀ ਨਹੀਂ—ਅਗਾਂਹ । ਮਾਰਚ ਤੇ ਜਾ ਪਈ ਹੈ ।

੩੦ ਜਨਵਰੀ ੧੯੬੪
ਦਿੱਲੀ

ਮੇਰਾ ਤੇ ਭਾਰਤੀ ਜੀ ਦਾ ਇਕਠਿਆਂ ਫਿਰਦਿਆਂ ਹੀ ਦਿਨ ਲੰਘਿਆ ਇਸ ਦਿਨ ਅਸੀਂ ਸ: ਹਰਬੰਸ ਸਿੰਘ ਨੂਰ ਨੂੰ ਉਹਨਾਂ ਦੇ ਦਫਤਰ ਅਮਰੀਕੀ ਇਨਫਰਮੇਸ਼ਨ ਆਫਸ ਵਿਚ ਜਾ ਕੇ ਮਿਲੇ ਉਹ ਵੀ ਬੜੀ ਚਾਹ ਨਾਲ ਪੇਸ਼ ਆਏ ।

ਰਾਤੀਂ ਸਤਿਗੁਰੂ ਜੀ ਅਤੇ ਮਹਾਰਾਜ ਬੀਰ ਸਿੰਘ ਜੀ ਆ ਗਏ । ਮੇਰੇ ਮਿੱਤਰ ਸੇਠ ਗੁਰਬਖਸ਼ ਸਿੰਘ 'ਪ੍ਰੀਤਮ' ਦੀ ਕੋਠੀ ਵਿਖੇ ਠਹਿਰੇ । ਸਤਿਗੁਰੂ ਜੀ ਨੇ 'ਨਵਾਂ ਹਿੰਦੁਸਤਾਨ' ਬਾਰੇ ਅਮਰ ਭਾਰਤੀ, ਮਨਧੀਰ ਅਤੇ ਡਾ: ਧਿਆਨ ਸਿੰਘ ਨੂੰ ਸੁਣਿਆ ਡਾ: ਧਿਆਨ ਸਿੰਘ ਨੇ ੫-੭ ਗੱਲਾਂ, ਉਚੇਚੇ ਫੈਸਲੇ ਲਈ ਸਤਿਗੁਰੂ ਜੀ ਨਾਲ ਕਰਨੀਆਂ ਸਨ । ਗੱਲਾਂ ਜੋ ਸਤਿਗੁਰੂ ਜੀ ਨਾਲ ਹੋਇਆਂ ਆਪ ਜੀ ਦੀ ਟਿੱਪਣੀ ਜਾਂ ਫੈਸਲੇ ਨਾਲ :

੧. 'ਨਵਾਂ ਹਿੰਦੁਸਤਾਨ' ਦੇ ੧੦ ਸਾਲਾ ਗਾਹਕਾਂ ਨੂੰ ਕੌਣ ਅਖਬਾਰ ਦਾ ਖਰਚਾ ਕਰਕੇ, ਹੁਣ ਮੁਫਤ ਪਰਚਾ ਭੇਜੇ, ਜਦੋਂ ਕਿ ਸੰਤ ਮੰਗਲ ਸਿੰਘ ਗਾਹਕਾਂ ਵਲੋਂ ਆਈ ਰਕਮ ਖਰਚ ਕਰ ਚੁਕੇ ਹਨ ?
ਫੈਸਲਾ : ਹੁਣ ਮੰਗਲ ਸਿੰਘ ਹੁਰੀਂ ਇਹਦੇ ਜ਼ਿਮੇਂਵਾਰ ਨਹੀਂ । ਅਸੀਂ ਉਹਨਾਂ ਤੋਂ ਅਖਬਾਰ ਲੈ ਲਿਆ ਹੈ ।

੨. ਮੰਗਲ ਸਿੰਘ ਹੁਰੀਂ ਸਾਡੇ ਅਖਬਾਰ ਦੇ ਕੰਪੋਜ਼ਿੰਗ ਤੇ ਛਾਪਣ ਵਿਚ ਦੇਰ ਲਗਾ ਦਿੰਦੇ ਹਨ ? ਫੈਸਲਾ : ਤੁਸੀਂ ਆਪਣਾ ਟਾਈਪ ਤੇ ਮਸ਼ੀਨ ਹੋਰ ਖਰੀਦ ਲਓ । ਡਾਕਟਰ ਧਿਆਨ ਸਿੰਘ ਨੇ ੫੦੦੦ ਇਸ ਕੰਮ ਲਈ ਮੰਗੇ ਜੁ ਤੁਰੰਤ ਪਰਵਾਨ ਕੀਤੇ ਗਏ ।

੩. ੧ ਤੋਂ ੧੯ ਨਵੰਬਰ ੬੩ ਤੱਕ ਦੀਆਂ ਤਨਖਾਹਾਂ ਦਾ ਖਰਚ ਕੌਣ ਬਰਦਾਸ਼ਤ ਕਰੇ ਜਦੋਂ ਕਿ ਹੁਣ, ਤੇ ਫੇਰ ਸਤਿਗੁਰਾਂ ਦੇ ਅਫਰੀਕਾ ਦੌਰੇ ਤੋਂ ਬਾਅਦ ਤਕ ਵੀ ਮੰਗਲ ਸਿੰਘ ਹੁਰੀਂ 'ਨਵਾਂ ਹਿੰਦੁਸਤਾਨ, ਚਲਾਂਦੇ ਰਹੇ ?
ਫੈਸਲਾ : ਕਿਉਂ ਕਿ ਮੰਗਲ ਸਿੰਘ ਹੁਰਾਂ ਪਾਸ ਦੇਣ ਲੈਣ ਨੂੰ ਹੋਰ ਕੁਝ ਨਹੀਂ, ਇਸ ਲਈ ਇਹ ਖਰਚ ਵੀ ਨਵੇਂ ਪ੍ਰਬੰਧ ਨੂੰ ਉਠਾਣਾ ਪਵੇਗਾ ।

੪. ਬੈਂਕ ਬਾਰੇ ਗੱਲ ਬਾਤ ਅਗੇ ਤੇ ਪਾ ਦਿਤੀ ਗਈ । ਇਸ ਵਿਚ ਕੁਝ ਰਕਮ ਮੰਗਲ ਸਿੰਘ ਹੁਰਾਂ ਦੀ ਹੈ । ਪਰ ਡਾ: ਜੀ ਬੈਂਕ ਵਾਲਿਆਂ ਨੂੰ ਲਿਖ ਕੇ ਦੇ ਆਏ ਹਨ ਕਿ ਜਦ ਤਕ ਦੁਹਾਂ ਧਿਰਾਂ ਦਾ ਫੈਸਲਾ ਨਾ ਹੋ ਜਾਵੇ ਮੰਗਲ ਸਿੰਘ ਨੂੰ ਰਕਮ ਨਾ ਦਿਤੀ ਜਾਵੇ ।

ਗੱਲ ਬਾਤ ਦੇ ਦੌਰਾਨ ਸਤਿਗੁਰੂ ਜੀ ਪਾਸ ਡਾ: ਧਿਆਨ ਸਿੰਘ ਤੋਂ ਛੁੱਟ ਮਹਾਰਾਜ ਬੀਰ ਸਿੰਘ ਜੀ, ਸੂ. ਅਵਤਾਰ ਸਿੰਘ ਝੱਕਰ (ਕਰੀਵਾਲਾ) ਸੂ. ਹਰੀ ਸਿੰਘ ਵੜਾਣੀਆ (ਕਰੀਵਾਲਾ ਤੇ ਪ੍ਰੀਤਮ ਸਿੰਘ ਕਵੀ ਸਨ । ਧਿਰਾਂ ਸਨ : ਭਾਰਤੀ ਜੀ ਤੇ ਐਸ. ਐਸ. ਮਨਧੀਰ ਸਪੁਤਰ ਸੰਤ ਮੰਗਲ ਸਿੰਘ ਦੂਜੀ ਧਿਰ : ਡਾਕਟਰ ਧਿਆਨ ਸਿੰਘ ਪ੍ਰਧਾਨ ਨਾਮਧਾਰੀ ਦਰਬਾਰ ।

ਝਗੜਾ ਇਹ ਹੈ ਕਿ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਤਾਂ 'ਨਵਾਂ ਹਿੰਦੁਸਤਾਨ' ਨੂੰ ਹਰ ਤਰ੍ਹਾਂ ਜਾਰੀ ਰਖਣ ਦੇ ਹਕ ਵਿਚ ਹਨ ਜਦੋਂ ਕਿ ਮੌਜੂਦਾ ਦਿੱਲੀ ਕਮੇਟੀ ਵਾਲੇ ਇਸਨੂੰ ਪੰਥਕ ਮਲਕੀਅਤ ਵਿਚ ਲਿਆਕੇ ਬੰਦ ਕਰਨਾ ਚਾਹੁੰਦੇ ਹਨ ।

੩੧ ਜਨਵਰੀ ੧੯੬੪
ਦਿੱਲੀ

'ਨਵਾਂ ਹਿੰਦੁਸਤਾਨ' ਬਾਰੇ ਦੁਬਾਰਾ ਮੀਟਿੰਗ ਦੁਪਹਿਰੇ ਸ਼ੁਰੂ ਹੋਈ ਪਰ ਕਿਸੇ ਫੈਸਲੇ ਤੇ ਨਾ ਅਪੜੀ ।

ਡਾ: ਅਮਰ ਭਾਰਤੀ, ਐਸ. ਐਸ. ਮਨਧੀਰ ਅਤੇ ਮੈਂ ਸ੍ਰੀ ਸਤਿਗੁਰੂ ਜੀ ਅਤੇ ਮਹਾਰਾਜ ਜੀ ਨਾਲ ਚਿੱਤਰ ਪ੍ਰਦਰਸ਼ਨੀ 'ਦੇਸ਼ ਕੀ ਪੁਕਾਰ' ਦੀ ਪ੍ਰਬੰਧਕਾ ਸ੍ਰੀ ਮਤੀ ਸੁਭਦਰਾ ਜੋਸ਼ੀ ਦੀ ਕੋਠੀ ਗਏ । ਬਹੁਤ ਸਾਰੀਆਂ ਗੱਲਾਂ ਬਾਤਾਂ ਤਸਵੀਰਾਂ ਬਾਰੇ ਹੋਈਆਂ । ਸੁਭੱਦਰਾ ਜੀ ਨੇ ਸਤਿਗੁਰੂ ਜੀ ਦੀ ਇਛਾ ਅਨੁ-ਸਾਰ ਅਗਲੀ ਤਾਰੀਖ.ਪ੍ਰਦਰਸ਼ਨੀ ਚਾਲੂ ਕਰਨ ਦੀ ੩ ਮਾਰਚ ੧੯੬੪ ਰਖ ਦਿਤੀ ।

੩੧ ਜਨਵਰੀ ੧੯੬੪ ਦਿੱਲੀ
ਬਸੰਤ ਪੰਚਮੀ

ਮੈਂ ਸਵੇਰੇ ੭ ਵਜੇ ਦੇ ਕਰੀਬ ਹੀ ਦੀਵਾਨ ਵਿਚ ਪਹੁੰਚ ਸਕਿਆ । ਭਾਰਤੀ ਜੀ ਸ੍ਰੀ ਰਾਜਿੰਦਰ ਵਰਮਾ ਨੇਸ਼ਨਲ ਬੁਕਰਾ-


Sri Satguru Jagjit Singh Ji Elibrary NamdhariElibrary@gmail.com

ਸਟਿੰਗ ਕੰਪਨੀ ਨਿਊ ਯਾਰਕ ਵਾਲਿਆਂ ਵਾਸਤੇ ਨਾਮਧਾਰੀ ਰਸਮਾਂ ਦੀ ਫਿਲਮ ਕਾਰੀ ਵਿਚ ਸਹਾਇਤਾ ਕਰ ਰਹੇ ਸਨ। ਅਸਾਂ ਦੋਹਾਂ -ਭਾਰਤੀ ਮੈਂ ਤੇ ਅੱਧੇ ਮਿੰਟ ਦਾ ਐਕਟਿੰਗ ਕੀਤਾ, ਸਤਿਗੁਰੂ ਜੀ ਨੂੰ ਨਮਸਕਾਰ ਕਰਕੇ।

ਸ਼ਾਮ ਦੇ ਦੀਵਾਨ ਵਿਚ ਮੈਂ ਫਿਰ ਪਛੜ ਕੇ ਪਹੁੰਚਾ। ਮਹਾਰਾਜ ਬੀਰ ਸਿੰਘ ਜੀ ਸਟੇਜ ਸਕੱਤਰੀ ਕਰ ਰਹੇ ਸਨ। ਮੈਂ ਮਾਸਟਰ ਨਿਹਾਲ ਸਿੰਘ ਜੀ ਦੀ ਤਕਰੀਰ ਤੋਂ ਬਾਅਦ ਪਹੁੰਚਾ। ਸ੍ਰ: ਸੁਰਮੁਖ ਸਿੰਘ 'ਚਮਕ' ਤੋਂ ਪਿਛੋਂ ਮਹਾਰਾਜ ਜੀ ਨੇ ਮੈਨੂੰ ਭਾਸ਼ਨ ਕਰਨ ਲਈ ਆਖਿਆ। ਮੈਂ ਸਤਿਗੁਰੂ ਰਾਮ ਸਿੰਘ ਜੀ ਦੀ ਪੂਰਬੀ ਸਭਿਅਤਾ ਨੂੰ ਕਾਇਮ ਰਖਣ ਦੀ ਭਾਵਨਾ ਤੇ ਬਲ ਦਿਤਾ ਆਪਣੇ ਕਥਨ ਵਿਚ। ਮੈਥੋਂ ਪਿਛੋਂ ਕੇਂਦਰੀ ਮੰਤਰੀ (ਖੇਤੀ ਬਾੜੀ ਤੇ ਖੁਰਾਕ) ਸ: ਸਵਰਨ ਸਿੰਘ ਨੇ ਨਾਮਧਾਰੀ ਤਹਿਰੀਕ ਬਾਰੇ ਚੰਦ ਮਿੰਟ ਲਾਏ। ਅਤੇ ਸਤਿਗੁਰੂ ਜੀ ਦੇ ਉਪਦੇਸ਼ ਨਾਲ ਹੋਇਆ ਇਹ ਸਾਰਾ ਸਮਾਗਮ ਬਸੰਤ ਪੰਚਮੀ ਨਾਲ ਸੰਬੰਧਤ ਸੀ।

ਰਾਤੀਂ ਮੈਂ ਅਤੇ ਭਾਰਤੀ ਸਤਿਗੁਰੂ ਜੀ ਨਾਲ ਸ੍ਰ: ਗਿਆਨ ਸਿੰਘ ਚੀਫ ਇੰਜਨੀਅਰ ਦੇ ਘਰ ਗਏ ਤਾਂ ਭਾਰਤੀ ਹੁਰਾਂ ਸਤਿਗੁਰਾਂ ਨੂੰ ਦਸਿਆ ਕਿ ਉਹ (ਭਾਰਤੀ ਅਤੇ ਮਨਧੀਰ) ਪ੍ਰੈਸ ਮਸ਼ੀਨਾਂ ਅਤੇ ਟਾਈਪ ਕੇਸ ਆਦਿਕ ਕੱਲ ਐਤਵਾਰ ਹੀ ਬਾਲੀ ਨਗਰ ਲੈ ਆਉਣਾ ਚਾਹੁੰਦੇ ਹਨ। ਸਤਿਗੁਰਾਂ ਇਸ ਬਾਰੇ ਫੇਰ ਆਗਿਆ ਦੇਣ ਲਈ ਕਿਹਾ ਅਤੇ ਅਸੀਂ ਮੰਗਲ ਸਿੰਘ ਜੀ ਕੋਲ ਆ ਗਏ।

ਰਾਤ ਮੈਂ ਭਾਰਤੀ ਜੀ ਕੋਲ ਜਾ ਸੁਤਾ ਜਿਥੇ ੧੨ ਵਜੇ ਰਾਤੀਂ ਠੇਕੇਦਾਰ ਪਿਆਰਾ ਸਿੰਘ ਮੱਲੂਵਾਲੀ ਤੇ ਸੰਤ ਮੰਗਲ ਸਿੰਘ ਜੀ ਦੇ ਸਪੁਤਰ ਕਰਤਾਰ ਸਿੰਘ ਨੇ ਆ ਜਗਾਇਆ। ਅਤੇ ਸਵੇਰੇ ਪਹਿਲੀ ਮੋਟਰ ਜੀਵਨ ਨਗਰ ਲਈ ਤੁਰਨ ਦਾ ਸਤਿਗੁਰਾਂ ਦਾ ਹੁਕਮ ਸੁਣਾਇਆ ਅਤੇ ਭਾਰਤੀ ਜੀ ਨੂੰ ਸਵੇਰੇ ਪ੍ਰੈਸ ਉਠਾ ਲਿਆਉਣ ਦੀ ਆਗਿਆ ਦੇ ਦਿਤੀ ਗਈ।

**੪ ਫਰਵਰੀ ੧੯੬੪**
**ਜੀਵਨ ਨਗਰ**

ਮੈਂ ਤਾਂ ਕਲ ਜੀਵਨ ਨਗਰ ਪਹੁੰਚ ਹੀ ਗਿਆ ਸਾਂ ਮਹਾਰਾਜ ਬੀਰ ਸਿੰਘ ਜੀ ਅੱਜ ਏਥੇ ਪਹੁੰਚ ਗਏ। ਇਹਨਾਂ ਨੂੰ ਅਜ ਕਲ ਦੇ ਮੁੱਕਦਮਿਆਂ ਦਾ ਸਾਹਮਣਾ ਹੈ।

ਠਾਕਰਾਂ ਵਡਿਆਂ (ਦਲੀਪ ਸਿੰਘ ਜੀ) ਤੇ ਛੋਟਿਆਂ (ਉਦੇ ਸਿੰਘ ਜੀ) ਨੂੰ ਮਾਤਾ ਨਿਕਲੀ ਹੋਈ ਹੈ। ਪਹਿਲਾਂ ਛੋਟੇ ਇਸ ਦੇ ਚੰਗੁਲ ਵਿਚ ਆਏ ੧੦ ਦਿਨਾਂ ਤੋਂ ਨਿਢਾਲ ਹਨ। ਅਜੇ ਵੀ ਅੱਖਾਂ ਨਹੀਂ ਉਘੜੀਆਂ। ਵਡਿਆਂ ਨੂੰ ਥੋੜੀ ਤਕਲੀਫ ਹੋਈ ਹੈ।

ਡਾਨਸਿੰਗ ਗਰਲ (ਘੋੜੀ) ਦੀ ਇਕ ਬੱਚੀ ਜੋ ੪੦-੫੦ ਹਜ਼ਾਰ ਤਕ ਦੀ ਕੀਮਤ ਵਟਾ ਸਕਦੀ ਸੀ, ਬੰਬਈ ਜਾ ਕੇ ਬਿਮਾਰ ਹੋ, ਮਰ ਗਈ ਹੈ।

ਮਹਾਰਾਜ ਜੀ ਅਜ ਕਲ ਕਾਫੀ ਉਦਾਰ ਹਨ। ਉਤੇ ਥੁੜੇ ਲੋਕਾਂ ਨੂੰ ਮਣ ਮਣ ਦੋ ਦੋ ਮਣ ਕਣਕ ਦੇ ਦੇਣ ਦੀ ਆਗਿਆ ਦਿਤੀ ਨੇ।

ਦਸਮ ਅਤੇ ਆਦਿ ਦੇ ਅਖੰਡ ਪਾਠ ਕਰਵਾਣ ਦਾ ਵੀ ਫੈਸਲਾ ਕੀਤਾ ਨੇ।

**੫ ਫਰਵਰੀ ੧੯੬੪**
**ਜੀਵਨ ਨਗਰ**

ਮੈਂ ਮਹਾਰਾਜ ਬੀਰ ਸਿੰਘ ਜੀ ਪਾਸ ਅਜ ਲਉਢੇ ਵੇਲੇ ਗਿਆ ਤਾਂ ਉਹ ਠਾਕਰ ਜੀ ਤੇ ਮਾਧੋ ਜੀ (ਉਦੇ ਸਿੰਘ ਜੀ) ਪਾਸ ਬੈਠੇ ਸਨ। ਉਹ ਕੋਠੀ ਦੇ ਅੰਦਰ ਬਾਰ ਰਹਿੰਦੇ ਹਨ। ਠਾਕਰ ਜੀ ਦੀ ਸਿਹਤ ਤਾਂ ਹੁਣ ਠੀਕ ਹੈ ਪਰ ਮਾਧੋ ਜੀ ਦੀਆਂ ਅੱਖਾਂ ਅਜੇ ਤੱਕ ਨਹੀਂ ਖੁਲ੍ਹੀਆਂ। ਉਂਜ ਮਾਤਾ ਦਾ ਮੋੜਾ ਪੈ ਗਿਆ ਹੈ। ਬੇਬੇ ਜੀ ਨੂੰ ਉਨ੍ਹਾਂ ਪਾਸ ਇਕਟੱਕ ਬੈਠਿਆਂ ਸੁਤਿਆਂ ਅਜ ੧੫ ਕੁ ਦਿਨ ਹੋ ਗਏ ਹਨ। ਮਾਧੋ ਜੀ ਇਕ ਮਿੰਟ ਵੀ ਲਾਂਭੇ ਨਹੀਂ ਹੋਣ ਦੇਂਦੇ। ਮਹਾਰਾਜ ਜੀ ਘਬਰਾ ਰਹੇ ਹਨ ਕਿ ਕਿਤੇ ਅੱਖਾਂ ਤੇ ਮਾਤਾ ਦਾ ਅਸਰ ਦਾ ਪੈ ਜਾਵੇ। ਇਸੇ ਲਈ ਅਖੰਡ ਪਾਠ ਚਾਲੂ ਕਰਵਾਏ ਗਏ ਤੇ ਵਰਨੀਆਂ ਬਹੀਦੀਆਂ ਹੋ ਰਹੀਆਂ ਹਨ।

**੬ ਫਰਵਰੀ ੧੯੬੪**

ਅਜ ਰਾਤੀਂ ਸਤਿਗੁਰੂ ਜੀ ਵੀ ਜੀਵਨ ਨਗਰ ਆ ਗਏ। ਸਵੇਰੇ ਆਸਾ ਦੀ ਵਾਰ ਸਮੇ ਇਕ ਪੀਪਾ ਦੇਸੀ ਘਿਉ ਦਾ ਹਵਨ ਕੀਤਾ ਗਿਆ, ਸਤਿਗੁਰੂ ਜੀ ਨੇ ਕੀਰਤਨ ਉਪਰੰਤ ਲੰਮਾ ਸਮਾਂ ਉਪਦੇਸ਼ ਦੀ ਕਿਰਪਾ ਕੀਤੀ। ਉਹਨਾਂ ਜ਼ੋਰ ਦਿਤਾ ਕਿ ਨਾਮਧਾਰੀ ਵਿਆਜ ਨਾ ਲਿਆ ਕਰਨ। ਇਸ ਇਲਾਕੇ ਵਿਚ ਵਿਆਜ ਦਰ ਪ੍ਰਤੀ ਸੈਂਕੜਾ ੫ ਰੁਪੈ ਮਹੀਨਾ ਹੈ। ਤਿੰਨ ਪੀਪੇ ਘਿਉ ਦਾ ਕੜਾਹ ਪ੍ਰਸ਼ਾਦ ਆਦੀ ਸੰਗਤ ਨੇ ਰੱਜ ਰੱਜ ਛਕਿਆ।



Sri Satguru Jagjit Singh Ji Elibrary NamdhariElibrary@gmail.com

ਸਤਿਗੁਰੂ ਜੀ ਨੇ ਆਪਣੇ ਭਾਸ਼ਨ ਵਿਚ ਇਹ ਵੀ ਦੱਸਿਆ ਕਿ ਸਾਧ ਸੰਗਤ ਦੇ ਜ਼ਰਾ ਜਿੰਨਾ ਪੁਨ ਕਾਰਜ ਨਾਲ ਸੂਰਜ ਨੂੰ ਬੱਦਲਾਂ ਨੇ ਢਕ ਲਿਆ ਹੈ। ਅਜ ਕਲ ਮੀਂਹ ਨਹੀਂ ਪੈ ਰਿਹਾ, ਫਸਲਾਂ ਦਾ ਬੁਰਾ ਹਾਲ ਹੈ।

ਸੰਤ ਨਗਰੀਆਂ ਨੇ ਕਲ ਜੱਗ ਕੀਤਾ ਸੀ। ਜੀਵਨ ਨਗਰ ਵਾਲੇ ਅਜ ਕਰ ਰਹੇ ਹਨ।

ਮਾਤਾ ਚੰਦ ਕੌਰ ਜੀ ਲੜਕਿਆਂ ਦੀ ਖਬਰ ਨੂੰ ਭੈਣੀ ਸਾਹਿਬੋਂ, ਲੁਧਿਆਣਾ ਵਾਲੇ ਸ: ਉੱਤਮ ਸਿੰਘ ਦੀ ਕਾਰ ਤੇ ਆਏ।

**੭ ਫਰਵਰੀ ੧੯੬੪**
**ਜੀਵਨ ਨਗਰ**

ਹਵਨ, ਜੀਵਨ ਨਗਰ ਵਿਚ ਅੱਜ ਵੀ ਹੋਇਆ। ਪੰਜ ਸੇਰ ਘਿਉ ਰੋਜ਼ਾਨਾ ਖਰਚ ਕਰਨ ਦਾ ਮਨਸੂਬਾ ਹੈ ਤਾ ਕਿ ਮੀਂਹ ਪੈ ਸਕੇ।

ਮੈਂ ਅੱਜ 'ਮਰਦਾਨਾ ਮੁੜ ਮਾਤ ਲੋਕ ਵਿਚ' ਨਾਮੀ ਹਾਸਿਆ ਲਿਖਿਆ ਇਕ ਹਿੱਸਾ ਸ਼੍ਰਾਮੀ ਸਤਿਗੁਰੂ ਜੀ ਨੂੰ ਸੁਣਾਇਆ ਉਹਨਾਂ ਨੂੰ ਬਾਲਪਣ ਚੇਤੇ ਆਇਆ ਜਦੋਂ ਮੈਂ ਅਤੇ ਉਹ ੧੫-੧੫ ਦਿਨ ਇਕੋ ਕਹਾਣੀ, ਜਾਮਣਾ ਥੱਲੇ ਬੈਠੇ ਕਰਦੇ ਜਾਂਦੇ ਸਾਂ। ਕਲਪਣਾ ਮੇਰੀ ਤੇਜ਼ ਸੀ, ਸਰੋਤਾ ਉਹਨਾਂ ਵਰਗਾ ਕਿਨ ਹੋਣੈਂ।

ਸਤਿਗੁਰੂ ਜੀ ਅੱਜ ਕਰੀਵਾਲੇ ਜਾਕੇ ਹੋਲੇ ਮੇਲੇ ਦੀਆਂ ਤਿਆਰੀਆਂ ਕਰਵਾ ਕੇ ਆਏ।

ਮਹਾਰਾਜ ਬੀਰ ਸਿੰਘ ਜੀ ਨੂੰ ਮੈਂ ਹੋਲੇ ਮੇਲੇ ਕਰੀਵਾਲੇ ਦਾ ਇਸ਼ਤਿਹਾਰ ਦਾ ਖਰੜਾ ਸੁਣਾਇਆ।

ਉਂਜ ਤਾਂ ਜਦੋਂ ਸਤਿਗੁਰੂ ਏਥੇ ਆਏ ਹੋਣ ਰੋਜ਼ਾਨਾ ਰਾਤੀਂ ਸੰਗੀਤ ਦਰਬਾਰ ਹੁੰਦਾ ਹੈ-ਪਰ ਮੈਂ ਕਦੇ ਸ਼ਾਮਲ ਨਹੀਂ ਹੋਇਆ। ਅੱਜ ੯ ਤੋਂ ੧੧ ਤਕ ਗੈਰਿਜ ਵਿਚ ਸੰਗੀਤ ਸਭਾ ਸਮੇਂ ਵੀ ਅਨੰਦ ਲੁਟਿਆ।

ਮੈਂ ਅੱਜ ਇਕ ਕਹਾਣੀ ਲਿਖੀ 'ਕੋਠੀ ਬੋਲ ਉਠੀ' ਇਹ ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ ਉਹਨਾਂ ਦੀ ਕੋਠੀ ਦੀ ਮੁਹੱਬਤ ਦੀ ਦਾਸਤਾਨ ਹੈ।

**੯ ਫਰਵਰੀ ੧੯੬੪**
**ਜੀਵਨ ਨਗਰ**

ਅੱਜ ਵੀ ਏਥੇ ਹਵਨ ਹੋਇਆ ਰਾਤ ਤੋਂ ਮਾੜੀ ਮੋਟੀ ਬੂੰਦਾ ਬਾਂਦੀ ਦੇ ਲਛਣ ਨਜ਼ਰ ਪੈਣ ਲਗੇ। ਸਾਰਾ ਦਿਨ ਹੀ ਫਿਰ, ਝੜੀ ਲਗੀ ਰਹੀ।

ਸਤਿਗੁਰੂ ਜੀ ਅਤੇ ਮਹਾਰਾਜ ਜੀ ਏਥੇ ਹੀ ਹਨ। ਸੰਗੀਤ ਦਰਬਾਰ ਸੁਨਣ ਦਾ ਵੀ ਮੌਕਾ ਮਿਲਿਆ।

ਅੱਜ ਸਵੇਰੇ ਉਠਦਿਆਂ ਹੀ ਮੇਰੇ ਮਨ ਵਿਚ ਇਹ ਵਿਚਾਰ ਪੈਦਾ ਹੋਇਆ ਕਿ ਦੂਜਿਆਂ ਦੀ ਮਿਤਰਤਾ ਤੇ ਪਹੁੰਚੀ ਦੀ ਸੀਮਾ ਸਮਝ ਕੇ ਹੀ ਉਨ੍ਹਾਂ ਨਾਲ ਲੰਮਾ ਚਿਰ ਚਲਿਆ ਜਾ ਸਕਦਾ ਹੈ।

ਕਰੀਬ ੧੦ ਵਜੇ ਸਤਿਗੁਰੂ ਜੀ ਤੇ ਮਹਾਰਾਜ ਜੀ ਦਿੱਲੀ ਵਾਸਤੇ ਤੁਰ ਪਏ।

**੧੪ ਫਰਵਰੀ ੧੯੬੪**
**ਪੰਜਾਬ**

ਇਹ ਵੇਖਿਆ ਹੈ ਕਿ ਜੇ ਘਰੇਲੂ ਜਾਂ ਮਿਤਰਚਾਰੇ ਦੇ ਮਾਹੌਲ ਵਿਚ ਪਿਆਰ ਅਤੇ ਵਿਸ਼ਵਾਸ ਦੀਆਂ ਰੌਆਂ ਦਾ ਆਵਾ-ਗਮਨ ਰੁਕ ਜਾਵੇ ਤਾਂ ਕੇਵਲ ਮਕਰ ਹੀ ਬਾਕੀ ਰਹਿ ਜਾਂਦਾ ਹੈ। ਵਧੀਆ ਮਨੁਖ ਉਹੋ ਹੈ ਜੋ ਤਕੜਾ ਦਿਲ ਕਰਕੇ ਅਜਿਹੇ ਠੰਡੇ, ਤੇ ਜਾਂ ਤਣਾਉ ਭਰੇ ਨਰਕੀ ਵਾਤਾਵਰਣ ਨੂੰ ਖਤਮ ਕਰਨ ਵਲ ਵਧਦਾ ਹੈ।

**੨੨ ਫਰਵਰ ੧੯੬੪**
**ਦਿੱਲੀ**

ਸੇਠ ਖਜ਼ਾਨ ਸਿੰਘ ਇਨਸਾਫ ਦੀ ਥਾਂ ਤੇ ਉਨ੍ਹਾਂ ਦਾ ਵੱਡਾ ਪੁਤ ਸ: ਅਵਤਾਰ ਸਿੰਘ ਸੰਸਾਰ ਯਾਤਰਾ ਤੇ ਚੜ੍ਹਿਆ ਦਿੱਲੀ ਆਇਆ ਹੋਇਆ ਸੀ ਉਸ ਦੇ ਬੁਲਾਵੇ ਤੇ ਮੈਂ ਅੱਜ ਦਿੱਲੀ ਪਹੁੰਚਾ। ਰਾਤੀਂ ੯.੩੦ ਵਜੇ ਸੰਤ ਮੰਗਲ ਸਿੰਘ ਲਾਇਲਪੁਰੀ ਪਾਸ ੧੯ ਬਾਲੀ ਨਗਰ ਅਪੜ ਪਿਆ। ਮੈਨੂੰ ਵੇਖ ਉਹ ਗਦ ਗਦ ਹੋ ਗਏ।

ਜਦੋਂ ਤੋਂ ਸਤਿਗੁਰੂ ਜੀ ਉਨ੍ਹਾਂ ਦਾ ਪ੍ਰੇਸ ਪਹਾੜ ਗੰਜ ਤੋਂ ਚੁਕਵਾ ਗਏ ਹਨ, ਉਹਨਾਂ ਦੀ ਸਿਹਤ ਅਗੇ ਨਾਲੋਂ ਚੰਗੀ ਹੋ ਰਹੀ ਹੈ। ਉਹਨਾਂ ਘਰ ਆ ਲਾਇਆ ਹੈ। (ਚਲਦਾ)



Sri Satguru Jagjit Singh Ji Elibrary NamdhariElibrary@gmail.com

### ਸਾਹਿਤ ਆਦਕਮੀ ਦਾ ਸਿਲਵਰ ਜੁਬਲੀ ਸਮਾਗਮ

# ਇਕ ਝਾਤ–ਇਕ ਟਿੱਪਣੀ

**ਅਨੁਭਵੀ**

ਪੰਜਾਬੀ ਸਾਹਿਤ ਆਕਦਮੀ ਦੇ ਸਿਲਵਰ ਜੁਬਲੀ ਸਮਾਗਮ (ਜਿਹੜਾ ਲੁਧਿਆਣੇ ਦੇ ਪੰਜਾਬੀ ਭਵਨ ਵਿਚ ੧੨ ਤੋਂ ੧੭ ਅਕਤੂਬਰ ਤਕ ਲਗਾਤਾਰ ਹੋਇਆ) ਵਿਚ ਪੜ੍ਹੇ ਗਏ ਪਰਚਿਆਂ, ਅਤੇ ਹੋਈਆਂ ਬਹਿਸਾਂ ਤੋਂ ਇਹ ਗਲ ਸਹਿਜੇ ਹੀ ਉਭਰਦੀ ਸੀ ਕਿ ਪੰਜਾਬੀ ਸਾਹਿਤ ਦੀਆਂ ਸਿਧੀਆਂ-ਅਸਿਧੀਆਂ ਸਮਸਿਆਵਾਂ ਨੂੰ ਸਾਹਿਤ ਪ੍ਰਵਾਹ ਦੇ ਪਹਿਲੇ ਕਿਸੇ ਵੀ ਦੌਰ ਨਾਲੋਂ ਵਧੇਰੇ ਸ਼ਿਦਤ ਨਾਲ ਸਮਝਣ ਵਿਚਾਰਨ ਦੀ ਲੋੜ ਵਧੇਰੇ ਮਹਿਸੂਸ ਕੀਤੀ ਜਾ ਰਹੀ ਹੈ।

ਸਮਾਗਮ ਦੇ ਵਖ ਵਖ ਸੈਸ਼ਨਾਂ ਵਿਚ ਵੱਖ ਵੱਖ ਸਾਹਿਤ ਖੇਤਰਾਂ ਦੇ ਵਿਦਵਾਨਾਂ ਵਲੋਂ ਅਠਾਰਾਂ ਪਰਚੇ ਪੜ੍ਹੇ ਗਏ, ਕਹਾਣੀ ਦਰਬਾਰ ਹੋਇਆ, ਕਵੀ ਦਰਬਾਰ ਹੋਇਆ ਅਤੇ ਨਾਟਕਾਂ ਦੀ ਲਗਾਤਾਰ ਇਕ ਲੜੀ ਚਲੀ ਤੇ ਇਕ ਰਾਤ ਫਿਲਮੀ ਕਲਾਕਾਰਾਂ ਨੇ ਵੀ ਲੋਕਾਂ ਨੂੰ ਸਿਧੇ ਤੌਰ ਤੇ ਆਪਣੇ ਜੌਹਰ ਵਿਖਾਏ।

ਪੰਜਾਬੀ ਰੰਗ ਮੰਚ ਬਾਰੇ ਡਾਕਟਰ ਹਰਚਰਨ ਸਿੰਘ, ਪੰਜਾਬੀ ਵਾਰਤਕ ਤੇ ਡਾਕਟਰ ਗੁਰਚਰਨ ਸਿੰਘ, ਪੰਜਾਬ ਨਾਟਕ ਤੇ ਡਾਕਟਰ ਸੁਰਜੀਤ ਸਿੰਘ ਸੇਠੀ, ਪੰਜਾਬੀ ਅਧਿਆਪਕ ਦੀਆਂ ਸਮਸਿਆਵਾਂ ਉਤੇ ਡਾਕਟਰ ਇੰਦਰਪਾਲ ਸਿੰਘ, ਪੰਜਾਬੀ ਅਲੋਚਨਾ ਬਾਰੇ ਡਾ: ਗੁਰਬਖਸ਼ ਸਿੰਘ ਫਰੈਂਕ, ਪੰਜਾਬੀ ਪਤਰਕਾਰੀ ਬਾਰੇ ਡਾਕਟਰ ਕੁਲਬੀਰ ਸਿੰਘ ਕਾਂਗ, ਪੰਜਾਬੀ ਗਲਪ ਬਾਰੇ ਡਾਕਟਰ ਰਸਮ ਰਾਜ ਵਿਨੋਦ, ਮਰਾਠੀ ਨਾਟਕ ਸਬੰਧੀ ਪ੍ਰੋਫੈਸਰ ਪ੍ਰੀਤਮ ਬੇਲੀ, ੧੯੪੭ ਤੋਂ ਪਿਛੋਂ ਦੇ ਉਰਦੂ ਸਾਹਿਤ ਬਾਰੇ ਪ੍ਰੋਫੈਸਰ ਬਲਰਾਜ ਕੋਮਲ, ਪਾਕਿਸਤਾਨੀ ਪੰਜਾਬੀ ਸਾਹਿਤ ਬਾਰੇ ਪ੍ਰੋ. ਜਗਤਾਰ, ੧੯੪੭ ਤੋਂ ਬਾਦ ਦੇ ਹਿੰਦੀ ਸਾਹਿਤ ਸਬੰਧੀ ਡਾਕਟਰ ਇੰਦਰ ਨਾਥ ਮਦਾਨ, ਰੇਡੀਓ ਅਤੇ ਦੂਰ ਦਰਸ਼ਨ ਉਤੇ ਪੰਜਾਬੀ ਬਾਰੇ ਸ੍ਰੀ ਜਗਜੀਤ ਸਿੰਘ ਆਨੰਦ ਪੰਜਾਬੀ ਸਾਹਿਤ ਦੇ ਝੁਕਾਵਾਂ ਬਾਰੇ ਡਾਕਟਰ ਅਤਰ ਸਿੰਘ, ਤਿਲਗੂ ਸਾਹਿਤ ਦੇ ਝੁਕਾਵਾਂ ਸਬੰਧੀ ਡਾਕਟਰ ਆਈ. ਪੀ. ਰਾਓ (ਪੇਸ਼ ਕਰਤਾ ਡਾਕਟਰ ਵੀ, ਪ੍ਰਕਾਸ਼ਮ) ਜੰਮੂ ਕਸ਼ਮੀਰ ਦੀ ਪੰਜਾਬੀ ਸਾਹਿਤ ਨੂੰ ਦੇਣ ਬਾਰੇ ਡਾਕਟਰ ਕਰਤਾਰ ਸਿੰਘ ਸੂਰੀ, ਪੰਜਾਬ ਵਿਚ ਪੰਜਾਬੀ ਪ੍ਰਚਲਨ ਦੀਆਂ ਸਮਸਿਆਵਾਂ ਬਾਰੇ ਪ੍ਰੋ: ਪ੍ਰੀਤਮ ਸਿੰਘ, ਪੰਜਾਬੀ ਕਵਿਤਾ ਸਬੰਧੀ ਡਾਕਟਰ ਵਿਸ਼ਵਾ ਨਾਥ ਤਿਵਾੜੀ, ਪੰਜਾਬੀ ਫਿਲਮਾਂ ਤੇ ਪੰਜਾਬੀ ਸਭਿਆਚਾਰ ਬਾਰੇ ਡਾਕਟਰ ਤੇਜਵੰਤ ਗਿੱਲ, ਅਤੇ ਪੰਜਾਬੀ ਫਿਲਮਾਂ ਇਤਹਾਸ ਦੇ ਝਰੋਖੇ ਵਿਚੋਂ ਦੇ ਵਿਸ਼ੇ ਉਤੇ ਸ੍ਰੀ ਕੇ. ਡੀ. ਮਹਿਰਾ ਨੇ ਆਪਣੇ ਪਰਚੇ ਪੜ੍ਹੇ।

ਇਨਾਂ ਸਾਰੇ ਪਰੱਚਿਆਂ ਨੂੰ ਜ਼ਰਾ ਕੁ ਗਹਿਰੀ ਨਜ਼ਰੇ ਵੇਖੀਏ ਤਾਂ ਕੁਝ ਸਮਾਨਤਾਵਾਂ ਸਾਡੇ ਹੱਥ ਲਗਦੀਆਂ ਹਨ।

ਸਾਰੇ ਪਰਚਿਆਂ ਦੀ ਸਾਂਝੀ ਇਕ ਤੰਦ ਸਾਡੇ ਪਲੇ ਪੈਂਦੀ ਹੈ ਜਿਹੜੀ ਬਹਿਸਾਂ ਦੌਰਾਨ ਵੀ ਵਖ ਵਖ ਸ਼ਕਲਾਂ ਵਿਚ ਉਭਰੀ, ਵਖ ਵਖ ਇਤਰਾਜ਼ਾਂ ਰਾਹੀਂ ਵਿਗਸੀ, ਅਤੇ ਪਰਚਾ ਲੇਖਕਾਂ ਵਲੋਂ ਦਿਤੇ ਗਏ ਜੁਆਬਾਂ-ਸਪਸ਼ਟੀਕਰਨਾ ਰਾਹੀਂ ਨਿਖਰੀ ਉਹ ਇਹ ਸੀ ਕਿ ਸਾਹਿਤ ਤੇ ਸਾਹਿਤ ਸਮਸਿਆਵਾਂ ਨੂੰ ਸਮਾਜ ਦਰਸ਼ਨ (ਸੋਸ਼ਿਲ ਫ਼ਿਲਾਸਫੀ ਦੀ) ਮਹਾਂ ਦ੍ਰਿਸ਼ਟੀ ਨਾਲ ਮੇਚ ਕੇ ਵੇਖਣ ਦਾ ਉਪਰਾਲਾ ਪੇਸ਼ ਪੇਸ਼ ਰਿਹਾ। ਡਾਕਟਰ ਫਰੈਂਕ ਤੇ ਡਾਕਟਰ ਟੀ. ਆਰ. ਵਿਨੋਦ ਦੇ ਪਰਚੇ ਸਾਡੇ ਉਕਤ ਵਿਚਾਰ ਦੀ ਪੁਸ਼ਟੀ ਵਧੇਰੇ ਸ਼ਿਦਤ ਨਾਲ ਕਰਦੇ ਹਨ ਤੇ ਡਾਕਟਰ ਗੁਰਚਰਨ ਸਿੰਘ ਤੇ ਡਾਕਟਰ ਅਤਰ ਸਿੰਘ ਦੇ ਪਰਚੇ ਆਪਣੇ ਸਹਿਜ-ਪ੍ਰਯੋਜਨ ਰਾਹੀਂ ਇਸੇ ਕਥਨ ਦੇ ਆਸ ਪਾਸ ਵਿਚਾਰ ਰਹੇ ਹਨ। ਸਮਾਜ ਦਰਸ਼ਨ ਦੀ ਲੋੜ ਅਨਕੂਲ ਅਜੇਹਾ ਰੁਝਾਨ ਅਤਿ ਲਾਹੇਵੰਦ ਹੋਣ ਦੇ ਬਾਵਜੂਦ ਸਾਹਿਤ ਸਿਧਾਂਤ ਦੀ ਸਿਰਜਣਾ ਵਲ ਕਿਉਂਕਿ ਸਿੱਧੇ ਤੌਰ ਤੇ ਰੁਚਿਤ ਨਹੀਂ ਹੁੰਦਾ ਇਸ ਕਰਕੇ ਇਹ ਕਾਰਜ ਕੁਝ ਪੇਤਲਾ ਪੇਤਲਾ ਪ੍ਰਤੀਤ ਹੁੰਦਾ ਰਿਹਾ ਬਹਿਸ ਵਿਚ ਉਠੇ ਲਗਭਗ ਅਜੇਹੇ ਹੀ ਇਕ ਨੁਕਤੇ ਦਾ ਜੁਆਬ ਡਾਕਟਰ ਕਾਂਗ ਨੇ ਅਜੇਹਾ ਦਿਤਾ ਕਿ "ਕਾਨਫਰੰਸਾਂ ਵਿਚ ਪੜ੍ਹੇ ਗਏ ਪਰਚੇ ਅਜੇਹੇ ਹੀ ਹੁੰਦੇ ਹਨ ਇਹ ਕੋਈ ਯੂਨੀਵਰਸਟੀ ਨਹੀਂ ਹੈ'। ਇਸ ਵਿਚ ਕੋਈ ਸ਼ਕ ਨਹੀਂ ਕਿ ਡਾਕਟਰ ਕਾਂਗ ਨੇ ਆਪਣੇ ਪਰਚੇ ਵਿਚ ਪੰਜਾਬੀ ਪੱਤਰਕਾਰੀ ਬਾਰੇ ਅਹਿਮ ਨੁਕਤੇ ਉਠਾਏ, ਪੰਜਾਬੀ ਪੱਤਰਕਾਰੀ ਦੇ ਨਿਘਾਰ ਦੇ ਕਾਰਨ ਖੋਜਣ ਵਲ ਉਹ ਰੁਚਿਤ ਹੀ ਨਹੀਂ ਲਗਭਗ ਸਫਲ ਵੀ ਹੋਇਆ. ਪਰ ਕੀ ਪੰਜਾਬੀ ਪੱਤਰਕਾਰੀ ਨੂੰ ਵਖ ਵਖ ਸੰਕਲਪਾਂ ਅਧੀਨ ਜੋੜੇ



Sri Satguru Jagjit Singh Ji Elibrary NamdhariElibrary@gmail com

ਬਣਾ ਕੇ ਸਮਝਣ ਤੇ ਵਿਚਾਰਨ ਦੀ ਕੋਸ਼ਿਸ਼ ਹੋਈ ? ਕੀ ਪੰਜਾਬੀ ਪੱਤਰਕਾਰੀ ਦੇ ਦੂਜੀਆਂ ਭਾਸ਼ਾਵਾਂ ਦੀ ਪਤਰਕਾਰੀ ਨਾਲ ਮੇਚ ਕੇ ਅਧਿਅਨ ਕਰਨ ਦੀ ਕੋਸ਼ਿਸ਼ ਕੀਤੀ ਗਈ ? ਸ਼ਾਇਦ ਅਜੇਹਾ ਕੁਝ ਵੀ ਨਹੀਂ ਕੀਤਾ ਗਿਆ। ਪੰਜਾਬੀ ਪਤਰਕਾਰੀ ਦੇ ਨਿਘਾਰ ਦਾ ਕਾਰਨ, ਸਿਰਫ ਵਿਅਕਤੀਗਤ ਨਿਹਿਤ ਸੁਆਰਥਾਂ ਅਤੇ ਤਕਨੀਕੀ ਪਛੜੇਪਨ ਵਿਚ ਹੀ ਲੁਪਤ ਨਹੀਂ ਹੈ। ਜੇਕਰ ਪੰਜਾਬੀ ਪਤਰਕਾਰੀ ਵਿਚਾਰਧਾਰਕ ਸੰਕਲਪ ਦੀ ਸੀਮਾ-ਸੰਭਾਵਨਾ ਵਲ ਰੁਚਿਤ ਹੋਵੇ ਤਾਂ ਸ਼ਾਇਦ ਇਹ ਗੱਲਾਂ ਬਹੁਤ ਨਿਕੀਆਂ ਹਨ ਏਨੀਆਂ ਨਿਕੀਆਂ ਕਿ ਜਿਵੇਂ ਹੈ ਹੀ ਨਹੀਂ ਹਨ।

ਡਾਕਟਰ ਟੀ. ਆਰ. ਵਿਨੋਦ ਵਲੋਂ ਗਲਪ ਦੇ ਅਗਲੇਰੇ ਵਿਕਾਸ ਲਈ ਸ੍ਰੇਣੀ-ਸਮਾਜ ਦੇ ਸਦ-ਭਾਵੀ ਸਦ-ਵਿਹਾਰ ਦੀ ਕਾਣ ਨੂੰ ਦਰਸਾਉਣ ਲਈ "ਪਰੋਲੇਤਾਰੀ ਪੌਂਤੜੇ" ਦੀ ਲੋੜ ਉਤੇ ਜ਼ੋਰ ਦਿਤਾ ਗਿਆ। ਭਾਵੇਂ ਕਿ ਉਸਦੀ ਇਸ ਧਾਰਨਾ ਦੀ ਵਰਤੋਂ ਦਾ ਐਨ ਮੌਕੇ ਉਤੇ ਹੀ ਸਪਸ਼ਟੀਕਰਨ ਹੋ ਗਿਆ ਪਰ ਪਰਚਾ-ਲੇਖਣ-ਪੂਰਵ ਸਚੇਤਤਾ ਦਾ ਕੱਚ ਉਜਾਗਰ ਹੋਣੋਂ ਨਾ ਬਚ ਸਕਿਆ। "ਪਰੋਲੇਤਾਰੀ ਪੈਂਤੜਾ" ਸਮਾਜ ਦਰਸ਼ਨ ਦੀ ਦਵੰਦਵਾਦੀ-ਪਦਾਰਥਵਾਦੀ ਧਾਰਨਾ ਦਾ ਸਮਾਨਾਰਥੀ ਨਹੀਂ ਹੈ। ਤੇ ਇਥੇ ਹੀ ਇਕ ਗੱਲ ਇਹ ਵੀ ਕਹਿਣੀ ਬਣਦੀ ਹੈ ਕਿ ਇਸ ਧਾਰਨਾ ਦੀ ਵਰਤੋਂ ਉਪਰ ਹੋਈ ਬਹਿਸ ਦੋਵਾਂ ਧਾਰਨਾਵਾਂ ਦੇ ਧਕ ਧਮ ਵਟਾਂਦਰੇ ਨੂੰ ਸਵੀਕਾਰ ਤਾਂ ਕਰ ਗਈ ਪਰ ਦੋਵਾਂ ਧਾਰਨਾਵਾਂ ਦੇ ਅਰਥ ਪਸਾਰਾਂ ਵਲ ਰੁਚਿਤ ਹੋਣ ਤੋਂ ਪਹਿਲਾਂ ਪਹਿਲਾਂ ਇਸਨੂੰ ਬੰਦ ਕਰ ਦਿਤਾ ਗਿਆ ਤੇ ਦੁੱਖ ਇਸ ਗੱਲ ਦਾ ਹੈ ਕਿ ਬਹਿਸ ਨੂੰ ਇਥੇ ਹੀ ਬੰਦ ਕਰਾਉਣ ਵਿਚ ਮੋਹਰੀ ਰੋਲ ਪੰਜਾਬੀ ਵਿਚ ਮਾਰਕਸਵਾਦੀ ਸਾਹਿਤਾਲੋਚਨਾ ਦੇ ਪਿਤਾਮਾ ਸ੍ਰੀ ਸੰਤ ਸਿੰਘ ਸੇਖੋਂ ਹੋਰਾਂ ਨੇ ਅਦਾ ਕੀਤਾ। (ਅਖੇ ਰੋਟੀ ਦਾ ਸਮਾ ਹੋ ਗਿਆ ਹੈ) ਪੰਜਾਬੀ ਅਲੋਚਨਾ ਬਾਰੇ ਲਿਖੇ ਡਾਕਟਰ ਵਰੋਂਕ ਦੇ ਪਰਚੇ ਵਿਚ ਮਾਰਕਸਵਾਦੀ ਅਲੋਚਨਾ ਉਤੇ ਜਿਹੜੇ ਇਤਰਾਜ਼ ਕੀਤੇ ਗਏ, ਅਤੇ ਇਸ ਧਾਰਾ ਸਬੰਧੀ ਜਿਹੜੇ ਸੁਆਲ ਉਠਾਏ ਗਏ, ਪਰਚਾ ਲੇਖਕ ਅੰਤ ਤਕ ਪਹੁੰਚਦਾ ਪਹੁੰਚਦਾ ਸਾਹਿਤ ਅਧਿਐਨ ਵਿਧੀਆਂ ਉਤੇ ਟਿਪਣੀ ਕਰਦਾ ਹੋਇਆ ਖੁਦ ਵੀ ਇਸੇ ਵਹਿਣ ਵਿਚ ਵਹਿ ਗਿਆ।

ਰਾਤਾਂ ਦੇ ਪ੍ਰੋਗਰਾਮ ਸਾਫ ਜ਼ਾਹਿਰ ਕਰਦੇ ਸਨ ਕਿ ਅਕਾਦਮੀ ਨੂੰ ਫੰਡ ਦੇ ਗੱਫੇ ਚੰਗੇ ਹੱਥ ਲਗੇ ਹਨ। ਨਾਟਕਾਂ ਲਈ ਭਾਵੇਂ ਟਿਕਟ ਰਖੇ ਗਏ ਸਨ ਫਿਰ ਵੀ ਵੱਡੀ ਮਾਤਰਾ ਵਿਚ ਲੋਕਾਂ ਦਾ ਇਨ੍ਹਾਂ ਰਾਤਾਂ ਵਿਚ ਪੰਜਾਬੀ ਭਵਨ ਦੇ ਸਟੇਡੀਅਮ ਵਿਚ ਆਉਣਾ ਨਿਸਚੇ ਹੀ ਇਹ ਦਰਸਾਉਂਦਾ ਸੀ ਕਿ ਪੰਜਾਬੀ ਰੰਗ ਮੰਚ ਦਰਸ਼ਕਾਂ ਲਈ ਕੁਝ ਆਸ ਬੰਨ੍ਹਵਾ ਬਣ ਗਿਆ ਹੈ। ਇਨ੍ਹਾਂ ਰਾਤਾਂ ਵਿਚੋਂ ਹੀ ਇਕ ਰਾਤ ਸੀ ਕਵੀ ਦਰਬਾਰ ਦੀ ਰਾਤ। ਜਿਸ ਬਾਰੇ ਸਰੋਤਿਆਂ। ਦਰਸ਼ਕਾਂ ਤੇ ਸਾਹਿਤਕਾਰਾਂ ਦੇ ਵਖ ਵਖ ਇਤਰਾਜ਼ ਕੰਨੀ ਪੈ ਰਹੇ ਹਨ।

ਕੋਈ ਇਸ ਕਵੀ ਦਰਬਾਰ ਨੂੰ ਧਾੜੀਆਂ ਪਾਲਣ ਦਾ ਸੁਨਹਿਰੀ ਮੌਕਾ ਦਸ ਰਿਹਾ ਹੈ ਕੋਈ ਇਸ ਨੂੰ ਸ਼ਖਸ਼ੀ ਵਿਖਾਏ ਦਾ ਵਾਜਬ ਸਮਾਂ ਸਮਝ ਰਿਹਾ ਹੈ ਤੇ ਕੋਈ ਕੁਝ ਹੋਰ। ਇਸ ਕਵੀ ਦਰਬਾਰ ਵਿਚ ਅਜਾਇਬ ਚਿੱਤਰਕਾਰ, ਮੀਸ਼ਾ, ਸੁਰਜੀਤ ਰਾਮਪੁਰੀ ਸੁਰਜੀਤ ਪਾਤਰ ਤੇ ਦਿਆਲ ਚੰਦ ਮਿਗਲਾਨੀ ਤੋਂ ਲੈ ਕੇ ਨਿਰੰਜਣ ਅਵਤਾਰ ਅਤੇ ਦਾਨ ਸਿੰਘ ਕੋਮਲ ਤਕ ਉਮਰ ਦੇ ਹਰ ਵਰਗ ਦੇ ਅਤੇ ਕਵਿਤਾ ਦਾ 'ਹਰ ਕਸਬ ਵਿਖਾਲਣ ਵਾਲੇ ਕਵੀਆਂ ਨੇ ਹਿੱਸਾ ਲਿਆ।

ਡਾਕਟਰ ਅਮਰੀਕ ਸਿੰਘ ਚੀਮਾ ਅਤੇ ਅਮਰੀਕ ਸਿੰਘ ਪੂਨੀ ਦੀ ਪ੍ਰਧਾਨਗੀ ਹੇਠ ਹੋਏ ਇਸ ਕਵੀ ਦਰਬਾਰ ਦੇ ਸਰੋਤਿਆਂ ਵਿਚ ਪ੍ਰੋ: ਸੁਰਿੰਦਰ ਗਿੱਲ, ਕਸ਼ਮੀਰ ਕਾਦਰ, ਸ਼ਮਸ਼ੇਰ ਸੰਧੂ ਡਾਕਟਰ ਸੁਰਿੰਦਰ ਸਿੰਘ ਦੁਸਾਂਝ, ਪ੍ਰੋ: ਸਾਧੂ ਸਿੰਘ ਪ੍ਰੋ: ਰਵਿੰਦਰ ਭਠਲ, ਸੁਖਚੈਨ ਮਿਸਤਰੀ, ਹਰਭਜਨ ਬਾਜਵਾ, ਤੇ ਬਖਸ਼ਿੰਦਰ ਆਦਿ ਵੀ ਸ਼ਾਮਲ ਸਨ। ਪੰਡਾਲ ਦੇ ਰੌਲੇ ਰੱਪੇ ਤੋਂ, ਅਤੇ ਅਜਾਇਬ ਚਿੱਤਰਕਾਰ ਅਤੇ ਗੁਰਭਜਨ ਗਿੱਲ ਨੂੰ ਅੱਧੇ ਕਵੀ ਦਰਬਾਰ ਮੁਕਣ ਉਤੇ ਮੀਸ਼ਾ (ਸਕੱਤਰ) ਵਲੋਂ ਸਟੇਜ ਉਤੇ ਸਦਣ ਤੋਂ ਜਾਪਦਾ ਸੀ ਕਿ ਕਵੀਆਂ ਦੀ ਚੋਣ ਦਾ ਕੋਈ ਮਾਪਦੰਡ ਨਹੀਂ ਹੈ ਅਤੇ ਲਗਦਾ ਦਾਅ ਹੀ ਲਾਇਆ ਜਾ ਰਿਹਾ ਹੈ ਇਹ ਗੱਲ ਉਦੋਂ ਹੋਰ ਵੀ ਸਪਸ਼ਟ ਹੋ ਗਈ ਜਦੋਂ ਸਕੱਤਰੀ ਕਰਨ ਦਾ ਮੌਕਾ ਲਭਦਿਆਂ ਹੀ ਡਾਕਟਰ ਵਿਸ਼ਵਾਨਾਥ ਤਿਵਾੜੀ ਨੇ ਲੋਕ ਨਾਥ ਦਾ ਸਰੋਤਿਆਂ ਵਿਚੋਂ ਸੱਦ ਕੇ ਕਵਿਤਾ ਸੁਣਾਉਣ ਦਾ ਸੂਤ ਲਗਵਾ ਦਿਤਾ, ਪਰ ਕਵੀ ਦਰਬਾਰ ਦੇ ਅੰਤ ਤੱਕ ਵੀ ਕੋਈ ਅਜੇਹਾ ਸਟੇਜ ਸਕੱਤਰ ਨਾ ਬਹੁੜਿਆ ਜਿਹੜਾ ਸੁਰਿੰਦਰ ਗਿੱਲ, ਕਸ਼ਮੀਰ ਕਾਦਰ ਤੇ ਰਵਿੰਦਰ ਭਠਲ ਵਰਗੇ ਕਵੀਆਂ ਦਾ 'ਲਿਹਾਜੂ' ਜਾਂ ਪ੍ਰੋਫੈਸਰ, ਹੋਵੇ। ਸ਼ਾਇਦ ਇਨ੍ਹਾਂ ਕਵੀਆਂ ਕੋਲ ਨਿਰੰਜਣ ਅਵਤਾਰ ਤੇ ਦਾਨ ਸਿੰਘ ਕੋਮਲ ਵਰਗੀ ਆਪਣੇ ਕਿਸੇ ਹਾਣੀ ਨੂੰ ਸਿੱਧੀ ਸਮਰਪਿਤ ਜਾਂ 'ਨਾਲੋਂ' ਉਤੇ ਲਿਖੀ ਹੋਈ ਕਵਿਤਾ ਵੀ ਨਾ ਹੋਵੇ ਜਿਸ ਨਾਲ ਉਹ ਸਰੋਤਿਆਂ ਨੂੰ 'ਰਾਚੀ' ਕਰ ਸਕਣ।

ਪਰ ਇਸ ਸਭ ਕੁਝ ਦੇ ਬਾਵਜੂਦ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਸ ੬ ਦਿਨਾ ਸਮਾਗਮ ਨੇ ਪੰਜਾਬੀ ਜਗਤ ਵਿਚਲੀ ਖੜੋਤ ਵਿਚ ਇਕ ਹਲਚਲ ਦਾ ਭਾਉਲਾ ਜ਼ਰੂਰ ਪਾਇਆ ਹੈ ਬਹੁਤ ਸਮੇਂ ਤੋਂ ਸਾਹਿਤ-ਸਮਸਿਆਵਾਂ ਉਤੇ ਏਨੀ ਸ਼ਿਦਤ ਨਾਲ ਨਜ਼ਰਸਾਨੀ ਕਰਦਾ ਕੋਈ ਸਮਾਗਮ ਨਹੀਂ ਸੀ ਹੋਇਆ। ਖੁਸ਼ ਕਿਸਮਤੀ ਨਾਲ ਸਾਹਿਤ ਅਕਾਦਮੀ ਦੇ ਜਨਮ ਦੀ ਸਿਲਵਰ ਜੁਬਲੀ ਨੇ ਸਾਨੂੰ ਇਸਦਾ ਧਿਆਨ ਧਰਨ ਲਈ ਮਜਬੂਰ ਕਰ ਦਿਤਾ। ਅਤੇ ਇਸ ਮਜਬੂਰੀ ਵਿਚ ਸਾਹਿਤ-ਅਕਾਦਮੀ ਦੇ ਪ੍ਰਬੰਧਕਾਂ ਨੂੰ ਅਜੇਹਾ ਕੁਝ [illegible] ਕੁਝ ਕਰਨਾ ਹੀ ਪੈਣਾ ਸੀ ਜਿਸ ਉਤੇ ਸਾਨੂੰ ਤਸੱਲੀ ਦਾ ਘੁਟ ਭਰਨ ਲਈ ਵੀ ਮਜਬੂਰ ਹੋਣਾ ਪੈਣਾ ਸੀ।


Sri Satguru Jagjit Singh Ji Elibrary NamdhariElibrary@gmail com

# ਪ੍ਰਤੀਕ੍ਰਿਆ

ਮੈਂ ਇਹ ਕੁਝ ਸਿਰੀ ਨਗਰ ਤੋਂ ਲਿਖ ਰਿਹਾ ਹਾਂ। ਆਪਣੀ ਲੜਕੀ ਕੋਲ ਆਇਆ ਹੋਇਆ ਹਾਂ। ਪਿਛਲਿਆਂ ਦੋ ਤਿਨਾਂ ਮਹੀਨਿਆਂ ਵਿਚ ਸਾਹਿਤ ਬਾਰੇ ਕੁਝ ਠਰਮ ਰਿਹਾ ਹਾਂ ਕਿਉਂਕਿ ਹੱਡਾਂ ਵਿਚ ਸਿਆਸਤ ਦਾ ਵੀ ਹਿੱਸਾ ਹੈ। ਇਸ ਲਈ।

ਬਹੁਤ ਖਿਆਲ ਆਉਂਦਾ ਰਿਹਾ ਹੈ ਵਰਿਆਮ ਪੜ੍ਹਕੇ ਕਿ ਪਰਚੇ ਬਾਰੇ ਕੁੱਝ ਲਿਖਾਂ, ਰਾਏ ਦਿਆਂ, ਲੇਖ ਲਿਖਾਂ, ਕੋਈ ਰਚਨਾ ਘੱਲਾਂ। ਤੁਹਾਡੇ ਨੰਬਰਾਂ ਨੇ ਮੈਨੂੰ ਬਹੁਤ ਹੀ ਮੁਤਾਸਰ ਕੀਤਾ ਹੈ ਤੁਹਾਡੀ ਮਿਹਨਤ ਨੂੰ ਸਲਾਮ।

ਕੇਂਦਰੀ ਸਭਾ ਦੀ ਚੋਣ ਹੋਈ ਪਹੁੰਚ ਨਾ ਸਕਿਆ। ਤੁਹਾਡਾ ਨਾਂ ਪੜ੍ਹਕੇ ਖੁਸ਼ੀ ਹੋਈ ਹੋਰ ਨਾਂ ਪੜ੍ਹਕੇ ਵੀ ਰਲਾ ਮਿਲਾ ਪ੍ਰਭਾਵ ਮੇਰੇ ਉੱਤੇ ਪਿਆ। ਮੈਂ ਗਲਤੀ ਜਾਂ ਭੁਲੇਖੇ ਨਾਲ ਜਾਂ ਆਪਣੀ ਸੋਚ ਮੁਤਾਬਕ ਸੋਚ ਸਕਦਾ ਪਰ ਬੇਈਮਾਨੀ ਅਤੇ ਪੱਖ-ਪਾਤ ਜਾਂ ਗੁੱਟ-ਬੰਦੀ ਕਰਕੇ ਜਾਂ ਪਾਰਟੀਆਂ ਦੀ ਪਾਲਸੀ ਕਰਕੇ ਮੈਂ ਗਲਤ ਨਹੀਂ ਸੋਚਦਾ। ਸਾਹਿਤ ਨੂੰ ਮੈਂ ਬਿਲਕੁਲ ਸੱਚ ਤੇ ਪਵਿਤਰ ਰੱਖਦਾ ਹਾਂ ਉਂਜ ਰੋਟੀ ਕਰਕੇ ਕਈ ਵਾਰੀ ਜ਼ਿੰਦਗੀ ਨਾਲ ਸਮਝੌਤਾ ਕਰਨਾ ਪੈਂਦਾ ਹੈ ਅਤੇ ਉਂਜ ਦੇਸ਼ ਬਾਰੇ ਵੀ ਮੈਂ ਬੇਈਮਾਨੀ ਕਰਕੇ ਨਹੀਂ ਸੋਚਦਾ। ਮੁਖਾਲਫਾਂ ਨੂੰ ਉਤਨੇ ਧਿਆਨ ਨਾਲ ਪੜ੍ਹਦਾ ਸੁਣਦਾ ਹਾਂ ਜਿੰਨੇ ਧਿਆਨ ਨਾਲ ਆਪਣਿਆਂ ਨੂੰ।

ਤੁਹਾਡਾ ਪਰਚਾ ਮੈਨੂੰ ਇਕ ਗੱਲੋਂ ਹੋਰ ਵੀ ਚੰਗਾ ਲੱਗਦਾ ਹੈ ਇਹ ਲੇਖਕਾਂ ਬਾਰੇ ਵੀ ਠੀਕ ਸੋਚਦਾ ਤੇ ਛਾਇਆ ਕਰਦਾ ਹੈ। ਵਰਿਆਮ ਰੰਗ ਨਜ਼ਰ ਨਹੀਂ। ਇਹ ਲਿਖਤ ਸਤਗੁਰ ਰਾਮ ਸਿੰਘ ਜੀ ਦੀ ਕਰਨੀ ਦੀ ਬਰਕਤ ਕਰਕੇ ਹੈ। ਤੁਸਾਂ ਉਹ ਸੂਰਮੇ ਅਤੇ ਦੇਸ਼-ਭਗਤ ਸ਼ਹੀਦ ਉਜਾਗਰ ਕੀਤੇ ਹਨ ਜਿੰਨਾਂ ਨੂੰ ਬੁਰਜਵਾਦੀ ਅਤੇ ਅੱਜ ਦੇ ਹੰਕਾਰੀ ਤੇ ਬੁਲਡੋਜ਼ਰਾਂ ਨੇ ਜਾਣ ਕੇ ਅੱਖੋਂ ਉਹਲੇ ਕੀਤਾ ਹੋਇਆ ਸੀ। ਖੋਜ ਕਰਨੀ ਅੱਜ ਦੇ ਆਲੋਚਕ ਦਾ ਜਾਂ ਤਾਰੀਖ ਦਾਨ ਦਾ ਕੰਮ ਨਹੀਂ, ਆਰਥਕ ਪਾਉੜੀਆਂ ਚੜ੍ਹਕੇ ਖੁਸ਼ਹਾਲੀ ਘਰ ਲਿਆਉਣਾ ਹੈ। ਕਿਦਾਂ ਵੀ ਆਵੇ ਬਸ।

ਮੈਂ ਤੇਰੇ ਬਾਰੇ ਕਿਤਨਾਂ ਉਤਸ਼ਾਹਤ ਹੋਇਆ ਸਾਂ ਕਿਤਨਾ ਲੰਮਾ ਲਿਖਣ ਨੂੰ ਜੀ ਕੀਤਾ ਸੀ। ਪਰ ਇਕ ਨਜ਼ਮ ਹੀ ਲਿਖੀ ਸੀ (ਹੇਠ ਲਿਖ ਦਿੱਤੀ ਹੈ।)

ਹਾਂ, ਇਕ ਗੱਲ ਜਿਹੜੀ ਉਤੇ ਲਿਖਣੀ ਸੀ ਉਹ ਭੁੱਲ ਗਿਆ ਸਾਂ ਹੇਠਾਂ ਲਿਖ ਰਿਹਾਂ। ਉਹ ਇਹ ਸੀ ਕਿ ਮੈਨੂੰ ਖਤਰਾ ਮਾਲੂਮ ਹੋਣੋਂ ਨਹੀਂ ਹੱਟ ਰਿਹਾ ਕਿ ਕਿਤੇ ਕੇਂਦਰੀ ਲਖਾਰੀ ਸਭਾ ਨੂੰ ਟਰੇਡ ਯੂਨੀਅਨ ਨਾ ਬਣਾ ਦੇਣਾ ਅਤੇ ਨਾ ਹੀ ਪਾਰਟੀ ਪ੍ਰਾਪੇਗੰਡੇ ਦਾ ਵਸੀਲਾ। ਮੈਂ ਜ਼ਿੰਦਗੀ ਵਿਚੋਂ ਇਕ ਗੱਲ ਲੱਭੀ ਹੈ ਕਿ, ਜਿਵੇਂ "ਸਾਹਿਤ ਸਾਹਿਤ ਲਈ" ਗਲਤ ਹੈ ਤੇ ਹਾਨੀ ਕਾਰਕ ਹੈ ਉਂਜ ਹੀ "ਸਾਹਿਤ ਪਾਰਟੀ ਲਈ" ਵੀ ਹਾਨੀ ਕਾਰਕ ਹੈ। ਪਾਰਟੀਆਂ ਦੀਆਂ ਪਾਲਸੀਆਂ ਬਦਲਦੀਆਂ ਰਹਿੰਦੀਆਂ ਹਨ ਅਤੇ ਪਾਰਟੀ ਸਾਹਿਤ ਵੀ ਇਸ਼ਤਿਹਾਰ ਬਣ ਕੇ ਰਹਿ ਜਾਂਦਾ ਹੈ। ਇਸ ਦਾ ਖਿਆਲ ਰੱਖਣਾ। "ਸਾਹਿਤ ਜੀਵਨ ਲਈ" ਇਹ ਸੱਚ ਹੈ ਅਤੇ ਅਮਰ ਹੈ। ਸਾਹਿਤ ਉਤੇ ਤਮੇ ਦਾ ਸਿਧਾਂਤ ਲਾਗੂ ਨਹੀਂ ਹੁੰਦਾ ਖੈਰ.....................।

—ਜਸਵੰਤ ਸਿੰਘ ਰਾਹੀ

— 0 — ੧੨-੭-੮੦

ਸਤੰਬਰ ੧੯੯੦ ਦਾ ਭੇਜਿਆ ਤੁਹਾਡਾ ਵਰਿਆਮ ਮਿਲਿਆ। ਵੇਖਦਿਆਂ ਹੀ ਦਿਲ ਖੁਸ਼ੀ ਵਿਚ ਨੱਚ ਉਠਿਆ। ਜਦ ਤਕ ਪੜ੍ਹ ਨਹੀਂ ਲਿਆ ਦਿਲ ਨੂੰ ਚੈਨ ਨਹੀਂ ਆਇਆ ਸਾਰੇ ਹੀ ਲੇਖ ਬਹੁਤ ਸੁਹਣੇ ਲੱਗੇ।

ਅੰਮ੍ਰਿਤਸਰ ਦੀ ਵਾਰ ਤਾਂ ਬੇਹੱਦ ਪਸੰਦ ਆਈ। ਨਾਹਰ ਸਿੰਘ ਦਾ ਲੇਖ ਵੀ ਸ਼ਹੀਦਾਂ ਦੀ ਯਾਦ ਦਿਵਾਉਂਦਾ ਹੈ। ਪ੍ਰੀਤਮ ਸਿੰਘ ਕਵੀ ਦੇ ਲੇਖ ਵੀ ਸੁਹਣੇ ਹਨ। ਵਿਰਦੀ ਦੇ ਤਾਂ ਕਹਿਣੇ ਹੀ ਕੀ ਹਨ 'ਖੇਤ ਮੈਦਾਨ ਚੋਂ' ਕੋਈ ਵੀ ਲੇਖ ਨਹੀਂ। ਕੁਝ ਮਾਯੂਸੀ ਹੋਈ ਹੈ। ਹਰ ਮਹੀਨੇ ਦਿਆ ਕਰੋ।

ਅੱਕ ਪੂਰਾ ਮਹੀਨਾ ਲੇਟ ਮਿਲਦੇ ਹਨ। ਇਸ ਪਾਸੇ ਪੂਰਾ ਧਿਆਨ ਦੇਵੋ। ਪਰਚਾ ਹਰ ਮਹੀਨੇ ਪਹੁੰਚਾਣ ਦਾ ਪੂਰਾ ਇੰਤਜ਼ਾਮ ਕਰੋ। ਇਕ ਮਹੀਨਾ ਤਾਂ ਲੇਟ ਨਹੀਂ ਹੋਣਾ ਚਾਹੀਦਾ। ਸੋ ਮੈਂ ਆਸ ਰਖਾਂ ਕਿ ਤੁਸੀਂ ਪਰਚਾ ਛੇਤੀ ਤੋਂ ਛੇਤੀ ਭੇਜਣ ਦਾ ਯਤਨ ਕਰੋਗੇ।

ਬਲਵਿੰਦਰ ਸਿੰਘ ਉੱਪਲ

ਵੀ. ਪੀ. ਓ. ਕੁੱਤਾਵਢ ਕੋਟਲੀ

ਜ਼ਿਲ੍ਹਾ ਸਰਸਾ ਹਰਿਆਣਾ।

—0—

(ਬਾਕੀ ਸਫ਼ਾ ੪੨ ਤੇ)



Sri Satguru Jagjit Singh Ji Elibrary NamdhariElibrary@gmail.com

# ਚਉਗਿਰਦ

—ਜਗਦੀਸ਼ ਸਿੰਘ

## ਐਕਸੀਡੈਂਟ

ਸਰਸੇ ਜਾਂਦਿਆਂ ਰਾਹ ਵਿਚ ਸਾਡੀ ਬਸ ਉਲਟ ਗਈ। ਆਮ ਤੌਰ ਤੇ ਸਫਰ 'ਚ ਰਹਿੰਦਿਆਂ ਰੋਜ਼ ਹੀ ਸੜਕਾਂ ਵਲੋਂ ਮੂੰਹ ਮੋੜ ਕੇ, ਰੁਸੀਆਂ ਬਸਾਂ ਦੇ ਦਰਸ਼ਨ ਹੁੰਦੇ ਹਨ ਪਰ ਅਜਿਹੇ ਕਿਸੇ ਹਾਦਸੇ ਵਿਚ ਪਹਿਲੀ ਵਾਰ ਹੀ ਸ਼ਿਰਕਤ ਕੀਤੀ ਹੈ। ਵਿਦਵਾਨ ਐਪੀ ਕੂਰਸ ਦਾ ਕਥਨ ਹੈ, "ਜਦੋਂ ਅਸੀਂ ਹੁੰਦੇ ਹਾਂ ਮੌਤ ਨਹੀਂ ਹੁੰਦੀ ਅਤੇ ਜਦੋਂ ਮੌਤ ਹੁੰਦੀ ਹੈ ਅਸੀਂ ਨਹੀਂ ਹੁੰਦੇ।" ਅਤੇ ਹੁਣ ਕਿਉਂਕਿ ਇਹ ਸਤਰਾਂ ਅਸੀਂ ਆਪ ਹੀ ਲਿਖ ਰਹੇ ਹਾਂ ਤਾਂ ਚਾਚਾ ਗਾਲਿਬ ਦਾ ਸ਼ੇਅਰ ਥੋੜੀ ਨੀਅਤ ਬਦਲ ਕੇ ਯਾਦ ਆ ਰਿਹਾ ਹੈ।

'ਮਰਤੇ ਹੈਂ ਆਰਜ਼ੂ ਮੇਂ ਮਰਨੇ ਕੀ,
ਮੌਤ ਆਤੀ ਹੈ ਪਰ ਨਹੀਂ ਆਤੀ।

ਇਹ ਤਾਂ ਠੀਕ ਹੈ ਕਿ ਅਸੀਂ ਬਚ ਗਏ, ਇਹ ਵੀ ਠੀਕ ਹੈ ਇਸੇ ਬਚਣ ਕਰਕੇ ਹੀ ਦੋ ਚਾਰ ਦਿਨ ਦੁਧ ਘਿਉ ਬਹੁਤ ਪੀਣ ਨੂੰ ਮਿਲਿਆ ਪਰ ਕੀ ਇਹ ਸਿਤਮ ਜ਼ਰੀਫੀ ਨਹੀਂ ਕਿ ਇਸ ਖਬਰ ਦਾ ਪਤਾ ਤਕ ਨਹੀਂ ਲਗਾ। ਖਬਰ ਦਾ ਪਤਾ ਨਹੀਂ ਲਗਾ ਇਹ ਵਖਰੀ ਗਲ ਹੈ, ਨਹੀਂ ਤਾਂ ਉਸੇ ਬੱਸ ਵਿਚ ਸਰਬ ਹਿੰਦ ਨਾਮਧਾਰੀ ਦਰਬਾਰ ਦੇ ਪ੍ਰਧਾਨ ਮਾਸਟਰ ਨਿਹਾਲ ਸਿੰਘ ਜੀ ਵੀ ਸਨ। ਸਾਡੇ ਕੋਲ ਵੀ ਦੋ ਚਾਰ ਸਮਾਜਕ ਧਾਰਮਿਕ ਅਤੇ ਸਾਹਿਤਕ ਅਹੁਦੇ ਕੁਲ ਹਿੰਦ ਪਧਰ ਦੇ ਹਨ। ਫੇਰ ਅਸੀਂ ਮੁਖ ਸੰਪਾਦਕ ਵੀ ਹਾਂ। ਕਵੀਸ਼ਰ ਸੁਰਿੰਦਰ ਸਿੰਘ ਤੇ ਕਵੀ ਬੇਅੰਤ ਸਿੰਘ ਸੇਖਲ ਵੀ ਸਨ। ਜੇ ਹੋਰ ਉਘੀਆਂ ਹਸਤੀਆਂ ਉਸ ਬਸ ਵਿਚ ਨਾ ਵੀ ਹੁੰਦੀਆਂ ਤਾਂ ਏਨੀਆਂ ਹੀ ਕਿਹੜੀਆਂ ਘੱਟ ਸਨ।

ਇਹੋ ਜਿਹੀਆਂ ਉੱਘੀਆਂ ਹਸਤੀਆਂ ਦੇ ਸਹਾਰੇ ਤਾਂ ਅਖਬਾਰਾਂ ਦੀਆਂ ਸੁਰਖੀਆਂ ਬਣਦੀਆਂ ਹਨ ਅਤੇ ਖਬਰਾਂ ਦੀ ਅਹਿਮੀਅਤ ਵਧਦੀ ਹੈ।

ਇਕ ਵਾਰ ਜਲੰਧਰ ਦਾ ਇਕ ਮਹਾਨ ਮੁਖ ਸੰਪਾਦਕ ਬਾਹਰੋਂ ਆਇਆ। ਅਖਬਾਰ ਦੇ ਦਫਤਰ ਦੇ ਬਾਹਰ ਚਾਹ ਦੀ ਦੁਕਾਨ ਅਗੇ ਹੋਰ ਵੀ ਪਤਰਕਾਰ ਜੁੰਡਲੀ· ਵਾਰਤਾਲਾਪ ਕਰ ਰਹੀ ਸੀ। ਦੋ ਚਾਰ ਅਖਬਾਰਾਂ ਦੇ ਜਰਨਲਿਸਟ ਇਸੇ ਚਾਹ ਦੀ ਦੁਕਾਨ ਤੇ ਜੁੜੇ ਹੀ ਰਹਿੰਦੇ ਹਨ। ਮੁਖ ਸੰਪਾਦਕ ਨੇ ਆਉਂਦਿਆਂ ਹੀ ਪੁਛਿਆ 'ਹੁਣ ਭਾਈ ਅੱਜ ਦੀ ਅਹਿਮ ਖਬਰ ਕਿਹੜੀ ਹੈ'। ਉਹਨਾਂ ਦਸਿਆ ਜੀ ਹੋਰ ਤਾਂ ਕੋਈ ਨਹੀਂ ਇਹ ਪਤਾ ਲਗਾ ਹੈ ਕਿ ਪਹਾੜਾਂ ਵਿਚ ਇਕ ਬਸ ਖੱਡ ਵਿਚ ਡਿਗ ਕੇ ਤਬਾਹ ਹੋ ਗਈ ਹੈ ਅਤੇ ਸਵਾਰੀਆਂ ਮਰ ਗਈਆਂ ਹਨ। ਮੁਖ ਸਾਹਿਬ ਕਹਿਣ ਲਗੇ ਤੁਸੀਂ ਹੈਰਾਨ ਹੋਵੋਗੇ ਕਿ ਮੈਂ ਉਸੇ ਬੱਸ ਵਿਚ ਚੜ੍ਹਨ ਤੋਂ ਮਸਾਂ ਹੀ ਰਹਿ ਗਿਆ। ਵਾਹਿਗੁਰੂ ਨੇ ਹੱਥ ਦੇ ਕੇ ਰਖਿਆ ਨਹੀਂ ਤਾਂ ਮੈਂ ਉਸ ਵਿਚ ਸਵਾਰ ਹੋਣ ਦਾ ਬਹੁਤ ਜਤਨ ਕੀਤਾ। ਜਰਨਲਿਸਟ ਕਹਿਣ ਲਗੇ ਖਬਰ ਤਾਂ ਹੋਰ ਅਹਿਮ ਹੋ ਗਈ ਹੈ। ਇਕ ਸੀਨੀਅਰ ਪਤਰਕਾਰ ਬੋਲਿਆ ਸਾਹਿਬ ਖਬਰ ਤਾਂ ਅਹਿਮ ਤੋਂਦ ਹੋਣੀ ਸੀ ਜੇ ਤੁਸੀਂ ਉਸ ਬਸ ਵਿਚ ਸਵਾਰ ਹੁੰਦੇ।

ਪਰ ਕਈ ਵਾਰ 'ਅਹਿਮ ਖਬਰਾਂ' ਨੂੰ ਅਖੋਂ ਉਹਲੇ ਕਰ ਹੀ ਦਿਤਾ ਜਾਂਦਾ ਹੈ। ਮੋਰੇ ਦੇ ਸੰਪਾਦਕ ਮਿਤਰਾਂ ਦਾ ਸਾਈਕਲ ਨੇ ਐਕਸੀਡੈਂਟ ਕਰ ਦਿਤਾ। ਵੱਖ ਵੱਖ ਪਰਚਿਆਂ ਦੇ ਦੋਵੇਂ ਹੀ ਅਜ਼ਾਦ ਮਾਲਕ ਸਨ। ਪਰ ਇਸ ਅਹਿਮੀਅਤ ਨੂੰ ਕੋਈ ਸਮਝ ਨਾ ਸਕਿਆ। ਉਹਨਾਂ ਆਪ ਹਿਮਤ ਕਰਕੇ ਜ਼ਖਮੀ ਹਾਲਤ ਵਿਚ ਜਲੰਧਰ ਦੀਆਂ ਤੇਰਾਂ ਦੀਆਂ ਤੇਰਾਂ ਅਖਬਾਰਾਂ ਦੀ ਪਰਕਰਮਾ ਕੀਤੀ ਤਾਂ ਕਿ ਇਹ ਅਹਿਮ ਖਬਰ ਲਗ ਜਾਏ। ਹੁਣ ਜੇ ਇਹ ਅਹਿਮੀਅਤ ਜਤਾਉਂਦਿਆਂ ਉਹਨਾਂ ਕੋਲੋਂ ਡਾਕਟਰ ਕੋਲ ਨਾ ਜਾਇਆ ਜਾ ਸਕਿਆ ਤਾਂ ਇਸ ਵਿਚ ਉਹਨਾਂ ਦਾ ਕੀ ਕਸੂਰ? ਦੋਸ਼ ਤਾਂ ਉਸ ਸਿਸਟਮ ਦਾ ਹੈ ਜਿਸ ਅਧੀਨ ਐਡੀਟਰਾਂ ਨੂੰ ਵੀ ਆਪਣੇ ਐਕਸੀਡੈਂਟ ਦੀ ਖਬਰ ਲੁਆਉਣ ਲਈ ਦਰ ਦਰ ਭਟਕਣਾ ਪੈਂਦਾ ਹੈ।

ਜਦੋਂ ਅਸੀਂ ਯਾਰਾਂ ਵਜੇ ਸਰਸੇ ਵਾਸਤੇ ਜਲੰਧਰੋਂ ਚਲੇ ਤਾਂ ਸਭ ਠੀਕ ਹੀ ਸੀ। ਮੁਲਾਂਪੁਰ ਅੱਡਾ ਵੇਖਦਿਆਂ ਹੀ ਬਸ ਦਾ ਪੈਰ ਭਾਰਾ ਹੋ ਗਿਆ।

'ਬੱਸ ਜੀ ਬੱਸ ਦੀ ਬੱਸ ਹੈ। ਬਹੁਤ ਹੰਭ ਚੁਕੀ ਹੈ। ਕਈਆਂ ਦਿਨਾਂ ਦਾ ਇਸ ਨੂੰ ਰੈਸਟ ਨਹੀਂ ਮਿਲਿਆ ਇਸ ਵਾਸਤੇ ਇਹ ਆਪ ਹੀ ਰੈਸਟ ਕਰੇਗੀ। ਕੰਡਕਟਰ ਦੇ ਇਹਨਾਂ ਸ਼ਬਦਾਂ ਦੇ


Sri Satguru Jagjit Singh Ji Elibrary NamdhariElibrary@gmail.com

ਡੇਢ ਘੰਟੇ ਪਿਛੋਂ ਬਚੇ ਹੋਏ ਯਾਤਰੂਆਂ ਦਾ ਤਬਾਦਲਾ ਪਠਾਨ-ਕੋਟ ਸਰਸਾ ਰੂਟ ਦੀ ਬਸ ਵਿਚ ਕੀਤਾ ਗਿਆ। ਨਵੀਂ ਬੱਸ ਹਵਾ ਨਾਲ ਗਲਾਂ ਕਰੇ। ਚਾਅ ਬਣਦਾ ਸੀ ਕਿ ਰਾਤ ਸਰਸੇ ਨਹੀਂ ਕਟਣੀ ਪਵੇਗੀ ਅਤੇ ਅੱਗੇ ਕਰੀ ਵਾਲੇ ਜਾਣ ਦਾ ਕੋਈ ਨਾ ਕੋਈ ਢੋਅ ਢੁਕ ਜਾਵੇਗਾ। ਪਰ ਸਰਦੂਲ ਗੜ੍ਹ ਤੋਂ ਅਗੇ ਇਹ ਬਸ ਸ਼ਾਮ ਦੇ ਘੁਸਮੁਸੇ ਵਿਚ ਸੱਜੇ ਪੱਖੀ ਹੋ ਗਈ। ਤੇ ਬਸ, ਉਲਟ ਗਈ। ਦਲ ਬਦਲੀ ਦਾ ਕਾਰਨ ਸ਼ਾਇਦ ਕਮਾਨੀ ਦਾ ਫੇਲ ਹੋ ਜਾਣਾ ਸੀ। ਪਹਿਲਾਂ ਤਾਂ ਦਰਖਤ ਦੀਆਂ ਟਾਹਣੀਆਂ ਨਾਲ ਛੂੰਹਦੀ ਜਾਣ ਲਗੀ ਫੇਰ ਯੱਕ ਦਮ ਹੋਰ ਸਜੇ ਤੇ ਉਲਟੀ ਪਲਾਕੀ ਮਾਰ ਕੇ ਠਾਹ। ਇਹ ਤਾਂ ਛੇਤੀ ਪਤਾ ਲੱਗ ਗਿਆ ਕਿ ਅਸੀਂ ਜੀਊਂਦੇ ਹਾਂ ਪਰ ਇਹ ਪਤਾ ਨਾ ਲਗਾ ਕਿਵੇਂ। ਬਸ ਦਾ ਇੰਜਣ ਅਜੇ ਚਾਲੂ ਸੀ। ਹਨੇਰਾ ਵੀ ਹੋ ਗਿਆ ਸੀ ਕੁਝ ਪਤਾ ਨਹੀਂ ਸੀ ਕਿ ਅਸੀਂ ਬਸ ਦੇ ਕਿਹੜੇ ਪਾਸੇ ਸਥਿਰ ਸਾਂ। ਬਾਕੀ ਸਵਾਰੀਆ ਦਾ ਵੀ ਕੁਝ ਪਤਾ ਨਹੀਂ ਸੀ। ਮੇਰੇ ਨਾਲ ਦੇ ਨਾਮਧਾਰੀ ਸਿੰਘ ਤਾਂ ਪਹਿਲਾਂ ਤੋਂ ਮਾਲਾ ਫੇਰ ਰਹੇ ਸਨ ਪਰ ਹੁਣ ਯਕ ਦਮ ਬਾਕੀਆਂ ਨੂੰ ਵੀ ਰੱਬ ਯਾਦ ਆ ਗਿਆ ਸੀ। ਭਗਦੜ ਵਿਚ ਪਤਾ ਨਾ ਲਗੇ ਨਿਕਲਣਾ ਕਿਧਰ ਹੈ ਤੇ ਅਸੀਂ ਖਲੋਤੇ ਜਾਂ ਲਟਕੇ ਕਿਥੇ ਹਾਂ। ਦੂਰ ਥਲਿਉਂ ਕਿਸੇ ਬੰਦੇ ਦੇ ਕਰਾਹੁਣ ਦੀਆਂ ਅਵਾਜ਼ਾਂ ਆ ਰਹੀਆਂ ਸਨ। ਟਟੋਲਿਆ ਤਾਂ ਪਤਾ ਲਗਾ ਕਿ ਬਸ ਦੇ ਉਲਟੇ ਪੁਲਟੇ ਗਦਿਆਂ ਦੇ ਥੱਲੇ ਕਿਤੇ ਕੋਈ ਸੁਆਰੀ ਹੈ। ਉਪਰੋਂ ਦੀ ਹੋਰ ਸਵਾਰੀਆਂ ਲੰਘ ਰਹੀਆਂ ਸਨ। ਉਹਨਾਂ ਨੂੰ ਜ਼ੋਰ ਨਾਲ ਰੋਕ ਕੇ ਸੀਟਾਂ ਥਲਿਉਂ ਸਵਾਰੀ ਵੇਖੀ। ਕੁਝ ਭੁੱਲਾ ਪਿਆ। ਤ੍ਰਬਕ ਕੇ ਪੁਛਿਆ ਮਾਸਟਰ ਜੀ ਨੇ ? ਆਹੋ ! ਅਛਾ ਫਿਕਰ ਨਾ ਕਰੋ ਤੇ ਮਾਸਟਰ ਨਿਹਾਲ ਸਿੰਘ ਜੀ ਨੂੰ ਚੁੱਕ ਕੇ ਖੜਾ ਕੀਤਾ। ਫਰਰ...ਕਰ ਕੇ ਰੇਡੀਏਟਰ ਦਾ ਗਰਮ ਪਾਣੀ ਵਗਿਆ। ਫਰੰਟ ਸੀਟਰ ਬੇਅੰਤ ਸਿੰਘ ਨੇ ਸਮਝਿਆ ਤੇਲ ਆ ਗਿਆ ਹੈ ਅਤੇ ਹੁਣ ਅੱਗ ਵੀ ਆਵੇਗੀ। ਪਰ ਪਾਣੀ ਨੇ ਬੈਟ-ਰੀਆਂ ਦੇ ਡੁੱਲੇ ਤੇਜ਼ਾਬ ਨੂੰ ਪਤਲਾ ਕਰ ਦਿਤਾ। ਉਸ ਕਪੜੇ ਸਾੜੇ ਤੇ ਬੈਗਾਂ ਦੇ ਬਖੀਏ ਵੀ ਉਧੇੜੇ ਪਰ ਬਾਕੀ ਕੁਝ ਨਾ ਕੀਤਾ। ਏਨੇ ਚਿਰ ਨੂੰ ਬੇਅੰਤ ਸਿੰਘ ਨੇ ਸੋਧ ਵਾਲਾ ਗੜਵਾ ਮਾਰ ਮਾਰ ਕੇ ਫਰੰਟ ਵਾਲਾ ਸ਼ੀਸ਼ਾ ਤੋੜ ਦਿਤਾ ਸੀ। ਇਕ ਦੂਜੇ ਨੂੰ ਆਵਾਜ਼ਾਂ ਮਾਰ ਮਾਰ ਕੇ ਪਤਾ ਲਾ ਲਿਆ ਸੀ ਕਿ ਧਰਤੀ ਦੀ ਸਾਡੀ ਸਿਕਦਾਰੀ ਅਜੇ ਕਾਇਮ ਹੈ। ਕੁਝ ਦਿਸਣ ਵੀ ਲੱਗ ਪਿਆ ਸੀ ਟਾਰਚਾਂ ਨਿਕਲ ਆਈਆਂ ਜ਼ਖਮੀ ਸਵਾਰੀਆਂ ਵੀ ਧੂਹ ਕੇ ਬਾਹਰ ਲੈ ਆਂਦੀਆਂ ਤੇ ਹੌਲੀ ਹੌਲੀ ਸਮਾਨ ਵੀ ਕਢਿਆ ਗਿਆ ਸਵਾਰੀਆਂ ਦੀ ਘੁੱਟ ਨਪ ਵੀ ਕੀਤੀ ਗਈ। ਕੋਲ ਅੰਵਗਦੇ ਖਾਲ ਚੋਂ ਪਾਣੀ ਪਿਲਾਇਆ ਗਿਆ। ਦੂਸਰੀ ਬਸ ਰੋਕ ਕੇ ਸਵਾਰੀਆ ਲਦੀਆਂ ਲਦਾਈਆਂ ਗਈਆ। ਲੋਕ ਚੰਗੀਆਂ ਰੂਹਾਂ ਸਾਨੂੰ ਹੀ ਕਹਿ ਰਹੇ ਸਨ (ਬੇਅੰਤ ਸਿੰਘ ਸੁਰਿੰਦਰ ਸਿੰਘ ਮਾਸਟਰ ਜੀ ਕਾਰਨ ਜਿਨ੍ਹਾਂ ਨਾਮ ਸਿਮਰਨ ਵੀ ਬਹੁਤ ਕੀਤਾ ਅਤੇ ਸ਼ੀਸ਼ਾ ਵੀ ਤੋੜਿਆ) ਜਿਨ੍ਹਾਂ ਸਦਕਾ ਅਜ ਬਚਾਅ ਹੋ ਗਿਆ ਸੀ।

ਇਸ ਪੰਜ-ਭੂਤ-ਕ ਸਰੀਰ ਨੂੰ ਲੈ ਕੇ ਰਾਤ ਜਦ ਸਰਸੇ ਪੁਜੇ ਤਾਂ ਇਸ ਅਹਿਮ ਖਬਰ ਦਾ ਕਿਸੇ ਨੂੰ ਵੀ ਪਤਾ ਨਹੀਂ ਸੀ। ਬਸ ਸਟਾਪ ਦੇ ਸਾਹਮਣੇ ਬਣੇ ਰੈਸਟ ਹਾਊਸ ਦਾ ਬੰਦਾ ਸਵਾਰੀਆਂ ਨੂੰ ਨਾਲ ਲਿਜਾਣ ਲਈ ਪ੍ਰੇਰ ਰਿਹਾ ਸੀ। ਜਦੋਂ ਉਸਨੇ ਖਬਰ ਸੁਣੀ ਤਾਂ ਚੁਪ ਚਾਪ ਉਥੋਂ ਖਿਸਕ ਗਿਆ।

ਹੁਣ ਅਸਾਂ ਰਿਕਸ਼ੇ ਵਾਲੇ ਨੂੰ ਹੀ ਅਹਿਮ ਖਬਰ ਦਸਣ ਅਤੇ ਰੁਹਬ ਪਾਉਣ ਦੀ ਨੀਅਤ ਨਾਲ ਫੁਰਮਾਇਆ। ਅਰੇ ਭਾਈਆ ! ਅਸੀਂ ਓਸ ਬਸ ਦੇ ਯਾਤਰੂ ਹਾਂ ਜਿਸ ਦਾ ਰਾਹ ਵਿਚ ਐਕਸੀਡੈਂਟ ਹੋ ਗਿਆ ਹੈ।

ਰਿਕਸ਼ਾ ਵਾਲਾ ਸਹਿਜ ਸੁਭਾ ਕਹਿਣ ਲਗਾ।

ਅੱਜੀ ਐਕਸੀਡੈਂਟ ਤੋਂ ਹੋਂ ਗੇ ਹੀ। ਕੁਛ ਮਿਲ ਤੋ ਰਹਾ ਨਹੀਂ ਇਤਨੀ ਮਹਿੰਗਾਈ ਇਤਨੀ ਗਰੀਬੀ, ਬਲੈਕ। ਲੱਗ ਐਕਸੀਡੈਂਟੋ ਹੀ ਮੇਂ ਤੋ ਮਰੇਂ ਗੇ, ਗਰੀਬੋਂ ਕਾ ਖੂਨ ਚੂਸਤੇ ਹੈਂ।

ਹੁਣ ਰਿਕਸ਼ੇ ਵਾਲੇ ਨੂੰ ਕੌਣ ਸਮਝਾਊਂਦਾ ਕਿ ਇਹਨਾਂ ਗਲਾਂ ਦੀ ਕੋਈ ਅਹਿਮੀਅਤ ਨਹੀਂ।



Sri Satguru Jagjit Singh Ji Elibrary NamdhariElibrary@gmail.com

## ਮੁਕਤਿ ਦੁਆਰਾ ਮੇਲਾ

ਸ੍ਰੀ ਭੈਣੀ ਸਾਹਿਬ ੧੭ ਅਕਤੂਬਰ :— ਅੱਜ ਇਕ ਮਹੀਨੇ ਤੋਂ ਇਥੇ ਚਲ ਰਹੇ ਸਾਲਾਨਾ ਜਪ ਪਰਯੋਗ ਦਾ ਅੰਤਮ ਦਿਨ ਹੈ। ਜਾਂ ਦੂਜੇ ਸ਼ਬਦਾਂ ਵਿਚ ਮੇਲੇ ਦੇ ਭੋਗ ਦਾ ਦਿਨ ਹੈ। ਅੰਮ੍ਰਿਤ ਵੇਲੇ ਤਿੰਨ ਵਜੇ ਦਾ ਸਮਾਂ ਹੈ। ਸਮੁਚਾ ਭੈਣੀ ਸਾਹਿਬ ਜਾਗ ਰਿਹਾ ਹੈ। ਖੂਹੀਆਂ ਟਿਊਬਵੈਲਾਂ ਟੂਟੀਆਂ ਤੇ ਭੀੜ ਲਗੀ ਹੋਈ ਹੈ। ਸਕੇਸੀ ਇਸ਼ਨਾਨ ਕਰਨ ਵਾਸਤੇ। ਇਸ ਭੀੜ ਤੋਂ ਬਚਣ ਲਈ ਕਈਆਂ ਨੇ ਦੋ ਵਜੇ ਤੋਂ ਇਸ਼ਨਾਨ ਕਰ ਲਿਆ ਹੈ। ਦਰ ਅਸਲ ਪਰਯੋਗ ਦਾ ਸਾਰਾ ਸਮਾਂ ਹੀ ਪਹਿਲੀ ਰੋਲ ਦੋ ਵਜੇ ਤੋਂ ਸੁਰੂ ਹੁੰਦੀ ਰਹੀ ਹੈ। ਇਸ ਲਿਹਾਜ਼ ਨਾਲ ਇਸ ਤੋਂ ਪਹਿਲਾਂ ਹੀ ਉਠ ਕੇ ਜੰਗਲ ਪਾਣੀ ਇਸ਼ਨਾਨ ਤੋਂ ਵੇਹਲਿਆਂ ਹੋ ਕੇ ਤਿਆਰ ਹੋਣਾ ਪੈਂਦਾ ਸੀ। ਇਹ ਕਠਨ ਤਪਸਿਆ ਸਤਿਗੁਰੂ ਜਗਜੀਤ ਸਿੰਘ ਜੀ ਹਰ ਸਾਲ ਮਹੀਨਾ ਭਰ ਆਪ ਕਰਦੇ ਅਤੇ ਕਰਵਾਉਂਦੇ ਹਨ।

ਇਸ ਵਕਤ ਸਿਮ੍ਰਤੀ ਮੰਦਰ ਦੇ ਵਿਸ਼ਾਲ ਹਾਲ ਵਿਚ 'ਢਾਰੇ ਵਾਲੇ' ਜੱਥੇ ਨੇ ਆਸਾ ਦੀ ਵਾਰ ਦਾ ਕੀਰਤਨ ਸ਼ੁਰੂ ਕਰ ਦਿਤਾ ਹੋਇਆ ਹੈ। ਹਰ ਰੋਜ਼ ਅੰਮ੍ਰਿਤ ਵੇਲੇ ਰਾਗੀਆਂ ਦੁਆਰਾ ਆਸਾ ਦੀ ਵਾਰ ਦਾ ਕੀਰਤਨ ਹੁੰਦਾ ਰਿਹਾ ਹੈ। ਇਕ ਅਲੌਕਿਕ ਦ੍ਰਿਸ਼। ਰਾਗਾਂ ਤਾਲਾਂ ਦੇ ਮਾਹਰ ਰਾਗੀ ਸਤਿਗੁਰੂ ਜੀ ਦੇ ਨੇਤ੍ਰਿਤ ਵਿਚ ਤਿੰਨ ਘੰਟੇ ਸਮੇਂ ਨੂੰ ਖਲਿਆਰ ਦਿੰਦੇ। ਅਜ ਢੋਲਕ ਛੈਣਿਆਂ ਦੀਆਂ ਗੂੰਜਾਂ ਦੱਸ ਰਹੀਆਂ ਹਨ ਕਿ ਅਜ ਅਨੰਦ ਕਾਰਜ ਹੋ ਰਹੇ ਹਨ। ਛੇ ਘੰਟੇ ਪਹਿਲਾਂ (੧੬.੧੦.੮੦) ਹੀ ਮਹਾਰਾਜ ਬੀਰ ਸਿੰਘ ਜੀ ਦੀ ਪ੍ਰਧਾਨਗੀ ਵਿਚ ਕਵੀ ਦਰਬਾਰ ਹੋ ਕੇ ਹਟਿਆ ਹੈ ਬਿਜਲੀ ਨੇ ਖਾਸੀ ਬੇਮੁਆਦੀ ਕਰਨ ਦਾ ਜਤਨ ਕੀਤਾ ਪਰ ਸੀ ਪ੍ਰੀਤਮ ਸਿੰਘ ਕਵੀ ਜੀ ਦੀ ਸਫਲ ਸਟੇਜ ਸਕੱਤ੍ਰੀ ਅਤੇ ਸ: ਤਾਰਾ ਸਿੰਘ ਕਾਮਲ 'ਲੋਕ ਰੰਗ' ਪ੍ਰਕਾਸ਼ ਸ਼ਿਮਲਵੀ, ਬਲਬੀਰ ਦਿਲੋਂ, ਹਰਬੰਸ ਸਿੰਘ ਪਰਵਾਨਾ ਆਦਿ ਦੀਆਂ ਕਵਿਤਾਵਾਂ, ਸੁਰਿੰਦਰ ਸੁਮਨ ਅਤੇ ਹਰਬੰਸ ਘੁਲਾ ਦੇ ਗੀਤਾਂ ਨੇ ਪ੍ਰਭਾਵ ਕਾਇਮ ਰੱਖਿਆ।

ਬੋਹੜਾਂ ਥੱਲੇ ਸਾਰੀ ਰਾਤ ਹੱਲੇ ਦੇ ਦੀਵਾਨ ਲੱਗੇ ਰਹੇ ਹਨ। ਪਿਛਲੇ ਤਿੰਨ ਦਿਨ ਤੋਂ ਪੰਡਤ ਗੋਪਾਲ ਸਿੰਘ ਜੀ, ਜਥੇਦਾਰ ਗਿਆਨ ਸਿੰਘ ਦਾਨ ਸਿੰਘ, ਜਥੇਦਾਰ ਨਿਰੰਜਨ ਸਿੰਘ ਸੇਵਾ ਸਿੰਘ ਜਗਾਧਰੀ, ਸੂਬਾ ਮੇਲਾ ਸਿੰਘ, ਜਥੇਦਾਰ ਬਲਵੰਤ ਸਿੰਘ ਡਾਲਟਨਗੰਜ ਅਤੇ ਹੋਰ ਜਥੇਦਾਰਾਂ ਨੇ ਹੱਲੇ ਦੇ ਨਿਰੰਤਰ ਦੀਵਾਨ ਸਜਾਈ ਰੱਖੇ ਹਨ। ਅੱਜ ਸਾਰੀ ਰਾਤ ਦੇ ਜਗਰਾਤੇ ਨੂੰ ਮੁਖ ਰਖਦਿਆਂ ਹੀ ਢਾਰੇ ਵਾਲਿਆਂ ਸ਼ਬਦ ਪੜ੍ਹਿਆ ਹੈ।

'ਆਏ ਸੰਤ ਪਰਾਹੁਣੇ ਕੀਰਤਨੁ ਹੋਆ ਰੈਣਿ ਸਬਾਈ।' ਉਸਤਾਦ ਮਹਿੰਦਰ ਸਿੰਘ ਦੇ ਕਮਰੇ ਵਿਚੋਂ ਤਿਆਰ ਹੋ ਕੇ ਬਾਹਰ ਨਿਕਲਿਆ ਤਾਂ ਵੇਖਿਆ ਸਿਮ੍ਰਤੀ ਮੰਦਰ ਚੋਂ ਸਿੰਘਾਂ ਅਤੇ ਮਾਈਆਂ ਦੀ ਦੋਹਰੀ ਕਤਾਰ ਦੂਰ ਗੋਲ ਮੰਦਰ ਤਕ ਪਹੁੰਚ ਗਈ ਹੋਈ ਹੈ। ਮੱਥਾ ਟੇਕਣ ਵਾਸਤੇ ਪਿਛਲੇ ਸਜਨ ਦੀ ਵਾਰੀ ਘੰਟੇ ਤੋਂ ਪਹਿਲਾ ਨਹੀ ਆ ਸਕੇਗੀ। ਸਟੇਜ ਦੇ ਪਿਛਲੇ ਪਾਸਿਓਂ ਹੋ ਕੇ ਸਤਿਗੁਰੂ ਨੂੰ ਨਮਸਕਾਰ ਕਰਨ ਗਿਆ ਹਾਂ। ਹਾਲ ਖਚਾਖਚ ਭਰ ਚੁਕਾ ਹੈ ਅਤੇ ਠਾਕਰ ਦਲੀਪ ਸਿੰਘ ਜੀ ਸੰਗਤਾਂ ਨੂੰ ਦੂਸਰੇ ਪਾਸਿਓਂ ਬਾਹਰ ਵਲ ਭੇਜ ਰਹੇ ਹਨ। ਉਹਨਾ ਦੀ ਕਮਾਨ ਹੇਠਾਂ ਫੁਰਤੀਲੇ ਸੇਵਾਦਾਰਾਂ ਦਾ ਤਗੜਾ ਜੱਥਾ ਹੈ। ਜਿਵੇਂ ਨਦੀਆਂ ਦੂਰੋ ਦੂਰੋ ਆ ਕੇ ਸਮੁੰਦਰ ਵਿਚ ਸਮਾ ਜਾਂਦੀਆਂ ਹਨ ਇਵੇਂ ਹੀ ਸੰਗਤ ਦੀਆਂ ਲੰਮੀਆਂ ਕਤਾਰਾਂ ਵਾਗਾਂ ਦੇ ਰੂਪ ਵਿਚ ਆਉਂਦੀਆਂ ਸਤਿਗੁਰੂ ਜੀ ਨੂੰ ਮੱਥਾ ਟੇਕ ਕੇ ਸਥਾਨ ਗ੍ਰਹਿਣ ਕਰਦੀਆਂ। ਪਰ ਅੱਜ ਤਾਂ ਸੰਗਤਾਂ ਦਾ ਸਮੁੰਦਰ ਉਛਾਲੇ ਖਾ ਰਿਹਾ ਹੈ। ਹਾਲ ਦੀਆਂ ਤੇਹਰੀਆਂ ਗੈਲਰੀਆਂ ਵਿਚ ਵੀ ਸੰਗਤਾਂ ਦੀਆਂ ਕਤਾਰਾਂ ਹੀ ਸਨ।

ਅੱਜ ਠਾਕਰ ਦਲੀਪ ਸਿੰਘ ਜੀ ਦੇ ਅਨੰਦ ਕਾਰਜ ਦੀ ਸੰਭਾਵਨਾ ਹੈ। ਪਿਛਲੇ ਕਈ ਮੇਲਿਆਂ ਤੇ ਇਸ ਸੰਭਾਵਨਾ ਦਾ ਚਰਚਾ ਉਠਦਾ ਹੈ ਤੇ ਭੋਗ ਦੇ ਨਾਲ ਹੀ ਸਮਾਪਤ ਹੁੰਦਾ ਰਿਹਾ ਹੈ। ਇਸ ਵਾਸਤੇ ਅਜੇ ਪਕੇ ਤੌਰ ਤੇ ਕਹਿਣਾ ਉਚਿਤ ਨਹੀਂ ਹੈ। ਪਰ ਆਸਾਰ ਬਹੁਤ ਜ਼ਬਰਦਸਤ ਹਨ। ਲੜਕੇ ਲੜਕੀਆਂ ਅਨੰਦ ਮੰਡਪ ਵਿਚ ਪਰਵੇਸ਼ ਕਰ ਚੁਕੇ ਹਨ ਪਰ ਠਾਕਰ ਜੀ ਪਰਬੰਧ ਵਿਚ ਡੂੰਘੇ ਵਿਅਸਥ ਹਨ। ਹੁਣ ਕੀ ਕਹੀਏ ਅਨੰਦ ਮੰਡਪ ਦੀ ਆਪਣੀ ਹੀ ਛੱਬ ਹੈ। ਸਾਦਗੀ ਦੀ ਛੱਬ। ਵਿਚ ਹਵਨ ਹੋ ਰਿਹਾ ਹੈ, ਸਿੰਘ ਬਾਣੀਆਂ ਦਾ ਪਾਠ ਕਰ ਰਹੇ ਹਨ।

ਸੰਤ ਦਿਆਲ ਸਿੰਘ ਲੁਹਾਰਾਂ ਵਾਲੇ ਕੀਨਿਆ ਤੋਂ ਬਹੁਤ ਸਾਲਾਂ ਬਾਅਦ ਆਏ ਹਨ। ਹਾਰਮੋਨੀਅਮ ਵਾਦਨ ਦੇ ਪੁਰਾਣੇ ਮਾਹਰ ਹਨ। ਸਤਿਗੁਰੂ ਪ੍ਰਤਾਪ ਦੇ ਸਿੰਘ ਜੀ ਦੇ ਵੇਲੇ ਸੰਤ ਪ੍ਰੀਤਮ ਸਿੰਘ ਜੀ ਦੇ ਜਥੇ ਦੇ ਹਾਰਮੋਨੀਆ ਵਾਦਕ ਹਨ। ਸੰਗੀਤ ਦੇ



Sri Satguru Jagjit Singh Ji Elibrary NamdhariElibrary@gmail.com

ਗਿਆਤਾ। ਕਲ ਹੀ ਉਹਨਾਂ ਇਕ ਧਰੁਪਦ ਸਤਿਗੁਰੂ ਜੀ ਨੂੰ ਸੁਨਾਇਆ ਹੈ। ਵਾਰ ਦੇ ਕੀਰਤਨ ਵਿਚ ਉਹ ਹਾਰਮੋਨੀਅਮ ਵਜਾ ਰਹੇ ਹਨ। ਨਾਲ ਸੰਤ ਨਗਰੀ ਜਥੇ ਦੇ ਮੁਹੈਲ ਜਥੇਦਾਰ ਦਲੀਪ ਸਿੰਘ, ਬਲੀ ਸਿੰਘ ਅਤੇ ਗੁਰਮੁਖ ਸਿੰਘ ਢੋਲਕ ਵਾਲੇ ਹਨ। ਗੁਰਮੁਖ ਸਿੰਘ ਦੀ ਢੋਲਕ ਗੱਲਾਂ ਕਰਦੀ ਹੈ। ਸੰਤਨਗਰੀਏ ਦੁਆਬੀਏ ਅਤੇ ਹੋਰ ਕੀਰਤਨੀਏ ਸਤਿਗੁਰੂ ਜੀ ਸਾਹਮਣੇ ਪੰਜ ਫੁਟੇ ਮੰਚ ਤੇ ਸ਼ਸ਼ੋਭਤ ਹਨ।

ਹੁਣ ਲਗ ਭਗ ਨਿਸ਼ਚਿਤ ਹੈ ਕਿ ਠਾਕਰ ਜੀ ਦਾ ਅਨੰਦ ਕਾਰਜ ਵੀ ਹੋ ਰਿਹਾ ਹੈ। ਪਰ ਲੜਕੀ ਦਾ ਨਾਂ ਥਾਂ ? ਅਜੇ ਕੁਝ ਪਤਾ ਨਹੀਂ।

"ਕੀਰਤਨੀਆਂ ਪੜਿਆ ਹੈ 'ਜੋੜੀ ਜੀਵੇ ਜੁਗ ਚਾਰਿ ਦਿਹਾੜੇ।"

ਸਟੇਜ ਤੋਂ ਅਨਾਊਂਸਮੈਂਟ:—ਅਨੰਦ ਕਾਰਜ ਵਾਲੀਆਂ ਇਨ੍ਹਾਂ ਇਨ੍ਹਾਂ ਬੀਬੀਆਂ ਨੇ ਅਰਦਾਸੇ ਨਹੀਂ ਸੁਣਾਏ। ਉਹ ਸਟੇਜ ਦੇ ਪਿਛਲੇ ਪਾਸੇ ਬੀਬੀ ਜਸਬੀਰ ਕੌਰ ਸ਼ਿਮਲੇ ਵਾਲਿਆਂ ਨੂੰ ਅਰਦਾਸਾ ਸੁਨਾਉਣ।

ਸਾਰੇ ਅਨੰਦ ਕਾਰਜਾਂ ਵਾਲਿਆਂ ਦੀ ਪੁਛ ਪੜਤਾਲ ਪਿਛੋਂ ਹੀ ਆਗਿਆ ਮਿਲੀ ਹੈ। ਕੀ ਤੁਸਾਂ ਮੰਗਣਾ ਤਾਂ ਨਹੀਂ ਕੀਤਾ? ਰੁਪਿਆ ਤਾਂ ਨਹੀਂ ਲਿਆ ਦਿਤਾ, ਅਰਦਾਸਾ ਤਾਂ ਨਹੀਂ ਕੀਤਾ? ਮਰਿਆਦਾ ਪਾਲਣ ਕਿਹੋ ਜਿਹੀ ਹੈ। ਅਰਦਾਸ ਕਰਨੀ ਆਉਂਦੀ ਹੈ ? ਕੀ ਕਿਹਾ ਨਹੀਂ ? ..ਤਾਂ ਜਾਓ ਯਾਦ ਕਰੋ। ਜੇ ਰੁਪਿਆ ਲਿਆ ਤਾਂ ਹੁਣੇ ਵਾਪਸ ਕਰੋ। ਜੇ ਗੁੜ ਦੀ ਭੇਲੀ ਮਠਿਆਈ ਜਾਂ ਫਰੂਟ ਲਿਆ ਹੈ ਤਾਂ ਉਹ ਵੀ ਵਾਪਸ ਕਰੋ। ਅਨੰਦ ਤੋਂ ਪਹਿਲਾਂ ਕੋਈ ਰਸਮ ਨਹੀਂ ਕਰਨੀ ਹੈ। ਅਰਦਾਸ ਵੀ ਨਹੀਂ।

...

ਪਰ ਛੇ ਸਤ ਲੜਕੀਆਂ ਨੂੰ ਅਰਦਾਸੇ ਨਹੀਂ ਆਏ, ਹੁਣ ਕੀ ਹੋਵੇਗਾ ?

ਆਸਾ ਦੀ ਵਾਰ ਛੇ ਵਜੇ ਸਮਾਪਤ ਹੋ ਚੁਕੀ ਹੈ ਅਰਦਾਸਾ ਨਾ ਸੁਨਾਉਣ ਵਾਲੀਆਂ ਬੀਬੀਆਂ ਦੇ ਮਾਪਿਆਂ ਨੂੰ ਸਤਿਗੁਰਾਂ ਸਾਹਮਣੇ ਪੇਸ਼ ਹੋਣ ਦਾ ਆਦੇਸ਼ ਹੋਇਆ ਹੈ। ਉਹਨਾਂ ਨੂੰ ਜ਼ਿਮੇਵਾਰੀ ਤੋਂ ਅਣਗਹਿਲੀ ਕਰਨ ਤੇ ਝਾੜ ਪਈ ਹੈ ਤੇ ਜਾਪਦਾ ਹੈ ਹਰ ਇਕ ਨੂੰ ਪੰਜ ਪੰਜ ਸੌ ਰੁਪਿਆ ਜੁਰਮਾਨਾ ਹੋਇਆ ਹੈ।

## ਪੰਜਾਬੀ ਸਾਹਿਤਕਾਰਾਂ ਬਾਰੇ.......ਸਫ਼ਾ ੧੫ ਦੀ ਬਾਕੀ

ਅੱਗੇ ਰਾਹੀ ਰਾਹ ਪੁਛਦੇ ਹੁਣ ਪੁਛਦੇ ਸ਼ਰਾਬ ਵਾਲੇ ਠੇਕੇ।

ਬਲਵੰਤ ਗਾਰਗੀ ਬਠਿੰਡੇ ਦਾ ਬਾਣੀਆ ਹੈ। ਉਹਨੇ ਚੰਡੀਗੜ ਵਿਚ ਫਿਲਮਾਂ ਬਣੌਣ ਦਾ ਕੰਮ ਖੋਲ੍ਹਿਆ ਹੋਇਆ ਹੈ। ਕਦੇ ਕਦੇ ਨਾਵਲ-ਲਿਖ ਕੇ ਇਨਾਮ ਹਾਸਲ ਕਰਦਾ ਹੈ।

ਬੁਲ੍ਹੇ ਸ਼ਾਹ ਮਸ਼ਹੂਰ ਕਵੀ ਹੈ। ਏਸੇ ਕਰਕੇ ਉਹਦੇ ਗੀਤ ਫ਼ਿਲਮਾਂ 'ਚ ਵੀ ਲੱਗਦੇ ਹਨ। ਹਿੰਦੋਸਤਾਨ-ਪਾਕਿਸਤਾਨ ਤੇ ਤੁਰਕਿਸਤਾਨ ਦੇ ਰੇਡੀਓ ਉਹਦੇ ਰਕਾਟ ਵਜਾਂਦੇ ਹਨ। ਜਿਵੇਂ:

ਭਾਵੇਂ ਮੰਜਲ ਮਸਜਦ ਤੋੜੋ।<br>ਪਿਆਰ ਭਰਾ ਦਿਲ ਕਭੀ ਨਾ ਤੋੜੋ।

ਦਲੀਪ ਕੌਰ ਟਿਵਾਣਾ ਬੀਮਾਰ ਰਹਿਣ ਵਾਲੀ ਲੇਖਕ ਹੈ। ਉਹ ਰਾਮ ਪੁਰੇ ਫੂਲ ਵੀ ਲਗੀ ਰਹੀ ਹੈ। ਉਹਦੇ ਨਾਟਕ ਸਵਾਦਲੇ ਹਨ। ਉਹਦੇ ਨਾਟਕ "ਮਰਦ ਮਰਦ ਤੀਵੀਂ ਤੀਵੀਂ" ਨੂੰ ਇਨਾਮ ਮਿਲਿਆ।

ਅੰਮ੍ਰਿਤਾ ਪ੍ਰੀਤਮ ਦੀ ਕਵਿਤਾ ਪੜ੍ਹਕੇ ਮਰ ਜਾਣ ਨੂੰ ਜੀਅ ਕਰਦਾ ਹੈ। ਜੀਅ ਕਰਦੇ ਉਹਦੇ ਹੱਥ ਚੁੰਮ ਲਾਂ—ਬੜਾ ਹੀ ਸੁਹਣਾ ਲਿਖਦੀ ਹੈ।

ਏਨੀਆਂ ਕੁ ਖੋਜਾਂ ਹੀ ਸਿੱਧ ਕਰਦੀਆਂ ਹਨ ਕਿ ਪੰਜਾਬੀ ਸਾਹਿਤ ਦੇ ਵਿਦਿਆਰਥੀ ਕਿੰਨੀ ਗਭੀਰਤਾ ਨਾਲ ਸਾਹਿਤ ਨੂੰ ਵਿਚਾਰਦੇ ਹਨ।

੧੩੪ ਵਿਜੇ ਨਗਰ<br>ਜਗਰਾਓ (ਪੰਜਾਬ)

ਅਨੰਦ ਦੀ ਮਰਿਆਦਾ ਪਾਲਣ ਸਬੰਧੀ ਪੰਡਤ ਗੋਪਾਲ ਸਿੰਘ ਜੀ ਦਾ ਪ੍ਰਭਾਵਸ਼ਾਲੀ ਭਾਸ਼ਨ ਹੋਇਆ ਹੈ।

ਦੋ ਵਾਰੀਆਂ ਵਿਚ ਅਨੇਕਾਂ ਅਨੰਦ ਕਾਰਜ ਹੋ ਚੁਕੇ ਹਨ। ਠਾਕਰ ਜੀ ਦਾ ਅਨੰਦ ਨਹੀਂ ਹੋਇਆ। ਪਰ ਹੁਣੇ ਹੁਣੇ ਹੋਏ ਆਨੰਦਾਂ ਵਿਚ ਸੇਠ ਤ੍ਰਲੋਕ ਸਿੰਘ ਚਾਵਲਾ (ਟਰੇਡਰਜ਼ ਬੈਂਕ) ਦੀ ਸਪੁਤਰੀ ਦਾ ਅਨੰਦ ਕਾਰਜ ਸ: ਸੁੱਚਾ ਸਿੰਘ ਸੋਖੀ (ਦਿਲੀ) ਦੇ ਸਪੁਤਰ ਨਾਲ ਹੁੰਦਾ ਵੇਖਿਆ ਹੈ। ਕਈ ਅਨੰਦ ਕਾਰਜ ਵੇਖੇ ਹਨ ਜਿਨ੍ਹਾਂ ਦੀ ਪੂਰਵ ਸੂਚਨਾ ਨਹੀਂ ਸੀ...

ਇਕ ਦਮ ਕੰਮਰਾ ਮੈਨਾਂ ਵਿਚ ਹੱਲ ਚਲ ਮਚ ਗਈ ਹੈ। ਠਾਕਰ ਜੀ ਨੇ ਸਤਿਗੁਰਾਂ ਨੂੰ ਮੱਥਾ ਟੇਕਿਆ ਹੈ ਤੇ ਛੱਪਾ ਛੱਪ ਅਨੰਦ ਮੰਡਪ ਵਿਚ ਜਾ ਕੇ ਕਮਰਕੱਸਾ ਕੀਤਾ ਹੈ। ਪਜਾਮਾ ਤਾਂ ਕਿਸੇ ਵੀ ਦੂਲ੍ਹੇ, ਨੇ ਨਹੀਂ ਪਾਇਆ। ਅਮ੍ਰਿਤ



Sri Satguru Jagjit Singh Ji Elibrary NamdhariElibrary@gmail.com



ਠਾਕਰ ਦਲੀਪ ਸਿੰਘ ਜੀ

ਜੁ ਫਕਣ ਹੁੰਦਾ ਹੈ । ਫੋਟੋ ਗਰਾਫਰਾਂ ਦੀ ਧਾੜ ਟੁੱਟ ਕੇ ਪੈ ਗਈ ਹੈ । ਇਹਨਾ ਵਿਚ ਮੂਵੀ ਤੇ ਵੀਡੀਓ ਵਾਲੇ ਵੀ ਹਨ ।

ਸਿੰਘਾਂ ਨੇ ਠਾਕਰ ਜੀ ਨੂੰ ਅਮ੍ਰਿਤ ਛਕਾਇਆ ਹੈ ।

ਬੀਬੀਆਂ ਵਿਚੋਂ ਬੀਬੀ ਆ ਕੇ, ਠਾਕਰਾਂ ਦੇ ਗਲੇ ਵਿਚ ਊਨ ਦੀ ਮਾਲਾ ਪਾ ਕੇ ਮੱਥਾ ਟੇਕ ਕੇ ਨਾਲ ਬੈਠ ਗਈ ਹੈ । ਅਮ੍ਰਿਤ ਛਕਿਆ ਹੈ ਗੰਦ ਚਿਤਰਾਂਦਾ ਹੋਇਆ ਹੈ । ਅਨੰਦ ਕਾਰਜਾਂ ਦੇ ਤੀਸਰੇ ਗਰੁਪ ਦੀ ਠਾਕਰ ਜੀ ਨੇ ਅਗਵਾਈ ਕੀਤੀ ਹੈ । ਚਾਰ ਲਾਵਾਂ ਦੇ ਨਾਲ ਅਨੰਦ ਕਾਰਜ ਸੰਪੰਨ ਹੋਇਆ ਹੈ । ਕੁਲ ਚੌਹਠ ਜੋੜੇ ਗ੍ਰਹਿਸਥ ਮਾਰਗ ਵਿਚ ਪਰਵੇਸ਼ ਕਰ ਗਏ ਹਨ ।

ਪੰਜਾਬ ਦੇ ਮਾਲ ਅਤੇ ਮੁੜ ਵਸਾਊ ਮੰਤਰੀ ਸ: ਬਿਅੰਤ ਸਿੰਘ ਸਤਿਗੁਰਾਂ ਨੂੰ ਨਮਸਕਾਰ ਕਰ ਸਟੇਜ ਤੇ ਬਸ਼ੋਭਤ ਹੋਏ ਬੈਠੇ ਹਨ । ਠਾਕਰ ਦਲੀਪ ਸਿੰਘ ਜੀ ਦੇ ਪਿਤਾ ਮਹਾਰਾਜ ਬੀਰ ਸਿੰਘ ਜੀ ਨੂੰ ਪੁਛਿਆ ਗਿਆ ਹੈ ਠਾਕਰ ਜੀ ਨਾਲ ਆਨੰਦਤ ਹੋਣ ਵਾਲੀ ਬੀਬੀ ਦਾ ਨਾਮ ਕੀ ਹੈ । ਮਹਾਰਾਜ ਨੂੰ ਪਤਾ ਨਹੀਂ । ਸੇਵਾਦਾਰ ਤੇਜ ਕੇ ਮਾਤਾ ਜੀ ਤੋਂ ਪੁਛਿਆ ਗਿਆ ਹੈ ।

ਗੁਰਮੀਤ ਕੌਰ ਨਾਮ ਹੈ ।

ਪਿਤਾ ਦਾ ਨਾਮ ?

(ਫੇਰ ਦੁਬਾਰਾ ਸੇਵਾਦਾਰ ਪੁਛ ਕੇ ਆਇਆ ਹੈ)

ਸੰਤ ਬਲਤੇਜ ਸਿੰਘ ।

ਨਿਵਾਸੀ ? — ਇਹ ਪਤਾ ਹੈ,

ਪਿੰਡ ਕੋਰਾਂ, ਨਥਾਣੇ—(ਮਲੋਟ) ਦੇ ਕੋਲ

ਇਹ ਕਾਰਜ ਸਤਿਗੁਰਾਂ ਦੀ ਆਗਿਆ ਅਨੁਸਾਰ ਹੋਇਆ ਹੈ ਅਤੇ ਜਿਵੇਂ ਸੁਆਸ ਲਿਆ ਇਵੇਂ ਅਨੰਦ ਕਾਰਜ ਹੋ ਗਿਆ ਫੇਰ ਬਹੁਤੀਆਂ ਪੁਛਾਂ ਤੇ ਤਿਆਰੀਆਂ ਦਾ ਕੀ ਮਤਲਬ ।

ਮਾਲ ਮੰਤਰੀ ਜੀ ਦਾ ਭਾਸ਼ਨ ਹੋਇਆ ਹੈ ਨਾਮਧਾਰੀਆਂ ਦੀ ਸਾਦਗੀ — ਸਿਆਸੀ ਜੀਵਨ, ਕੁਰਬਾਨੀਆਂ — ਸਿਖੀ ਸੁਧਾਰ ਦਾ ਜ਼ਿਕਰ ਹੈ । "ਜੋ ਸੇਵਾ ਨਾਮਧਾਰੀ ਦਰਬਾਰ ਕਰ ਰਿਹਾ ਹੈ । ਸ਼੍ਰੋਮਣੀ ਕਮੇਟੀ ਵੀ ਨਹੀਂ ਕਰ ਸਕੀ । ਜੋ ਦਿਸ਼ਾ ਸਤਿਗੁਰੂ ਰਾਮ ਸਿੰਘ ਸਤਿਗੁਰੂ ਪ੍ਰਤਾਪ ਸਿੰਘ ਨੇ ਦਿਤੀ ਉਹ ਦਿਸ਼ਾ ਸਤਿਗੁਰੂ ਜਗਜੀਤ ਸਿੰਘ ਜੀ ਦੇ ਰਹੇ ਹਨ । ਸਹੀ ਦਿਸ਼ਾ ਵਲ ਦੇਸ਼ ਦਾ ਮਾਰਗ ਦਰਸ਼ਨ ਹੋ ਰਿਹਾ ਹੈ । ਵਿਤਕਰੇ ਰਹਿਤ ਅਨੰਦ ਹੋਏ ਹਨ । ਗਰੀਬ ਅਮੀਰ ਦੀ ਭਿੰਨ ਭੇਦਤਾ ਨਹੀਂ ਵੇਖੀ । ਸਮਾਜਵਾਦ ਦੀਆਂ ਲੋਕ ਗੱਲਾਂ ਕਰਦੇ ਹਨ । ਅਸਲੀ ਸਮਾਜਵਾਦ ਇਵੇਂ ਆ ਸਕਦਾ ਹੈ । ਦਾਜ ਦਹੇਜ ਕਾਰਨ ਅਨੇਕਾਂ ਲੜਕੀਆਂ ਦੀਆਂ ਮੌਤਾਂ ਹੋਈਆਂ ਹਨ । ਦਾਜ ਦਹੇਜ ਦੀ ਲਾਅਨਤ ਸਰਕਾਰ ਤੋਂ ਨਹੀਂ ਹਟੀ ਪਰ ਸਤਿਗੁਰਾਂ ਨੇ ਜੋ ਭਾਰਾ ਬੀੜਾ ਚੁਕਿਆ ਹੈ ਉਹ ਮਹਾਨ ਹੈ ।

ਅੰਤ ਤੇ ਸਤਿਗੁਰਾਂ ਦਾ ਪ੍ਰਵਚਣ ਹੋਇਆ ਜਿਸ ਵਿਚ ਉਹਨਾਂ ਫਰਮਾਇਆ ਹੈ ।

ਵਿਆਹ ਨੂੰ ਬਹੁਤ ਸਰਲ ਰਹਿਣ ਦਿਉ । ਵਿਆਹ ਕਈ ਵਾਰ ਲੜਾਈਆਂ ਦਾ ਰੂਪ ਧਾਰਨ ਕਰ ਲੈਂਦਾ ਹੈ । ਦਾਜ ਦੀ ਬਲੀ ਵਰਗੀਆਂ ਗਲਾਂ ਸਾਡੇ ਵਿਚ ਨਹੀਂ ਆਉਣੀਆਂ ਚਾਹੀਦੀਆਂ । ਵਿਆਹ ਦੀ ਘਟਨਾ ਨੂੰ ਘਟਨਾ ਨਾ ਰਹਿਣ ਦਿਓ । ਹਰਖ-ਸੋਗ ਵਿਚ ਅਤੀਤ ਰਹੋ । ਪਿਛਲੇ ਦਿਨੀਂ ਮਲ ਸਿੰਘ ਔਕਸੀਡੈਂਟ ਵਿਚ ਚੜਾਈ ਕਰ ਗਏ ਹਨ । ਅਜ ਅਨੰਦ ਕਾਰਜ ਹੋ ਰਹੇ ਹਨ । ਨਾ ਤਾਂ ਦੁਖ ਵਿਚ ਗਮਗੀਨ ਹੋਵੇ ਨਾ ਸੁਖ ਵਿਚ ਖੁਸ਼ । ਮਨ ਨੂੰ ਇਕਸਾਰ ਰਖੋ । ਨਾ ਸੋਗ ਵੇਲੇ ਤਕਲੀਫ ਹੋਵੇ ਨਾ ਸੋਖ ਵੇਲੇ ਵਧਾਈ । ਕਾਕੇ ਦੇ ਅਨੰਦ ਦੀ ਕੋਈ ਵਧਾਈ ਦੇਣ ਨਾ ਆਵੇ ।

"ਏਕ ਭਗਤਿ ਭਗਵਾਨ ਜਿਹ ਪ੍ਰਾਨੀ ਕੈ ਨਾਹਿ ਮਨ ॥
ਜੈਸੇ ਸੂਕਰੁ ਸੁਆਨ ਨਾਨਕ ਮਾਨੋ ਤਾਹਿ ਤਨ ॥"

Sri Satguru Jagjit Singh Ji Elibrary NamdhariElibrary@gmail.com

ਸੈਂਕੜੇ ਹੀ ਆਦਿ ਅਤੇ ਦਸਮ ਗ੍ਰੰਥਾਂ ਦੇ ਭੋਗਾਂ ਪਿਛੋਂ ਅਰਦਾਸ ਨਾਲ ਮੇਲੇ ਦੀ ਸਮਾਪਤੀ ਹੋਈ।

... ... ...

ਇਸ ਅਨੰਦ ਪਧਤੀ ਰਾਹੀਂ ਆਰਥਕ ਲਾਭਾਂ ਦਾ ਮੁਲੰਕਣ ਤਾਂ ਕੋਈ ਅਰਥ ਸ਼ਾਸਤਰ ਦਾ ਮਾਹਰ ਹੀ ਕਰ ਸਕਦਾ ਹੈ। ਰੋਹਠ ਵਿਆਹਾਂ ਤੇ ਕਿਨਾ ਦਾਜ ਦਹੇਜ ਦਾ ਖਰਚ ਹੁੰਦਾ ਹੈ। ਕਿਨਾ ਸਜਾਵਟ ਬਿਜਲੀਆਂ ਕਲਚਰਲ ਪ੍ਰੋਗਰਾਮਾ ਸ਼ਰਾਬਾਂ ਅਤੇ ਹੋਰ...……

ਬੈਂਡ ਵਾਲੇ ਭੰਗੜੇ ਵਾਲੇ —ਸਾਰਾ ਕੁਝ ਕਰਕੇ ਵੀ ਪਰੇਸ਼ਾਨੀਆਂ ਦਾ ਸਾਹਮਣਾ ਅਤੇ ਬਾਅਦ ਵਿਚ ਲੜਕੀਆਂ ਦਾ ਅਗਨ ਭੇਟ।

ਇਸ ਦੇ ਮੁਕਾਬਲੇ ਵਿਚ ਭੈਣੀ ਸਾਹਿਬ ਵਿਚ ਹੋਏ ਅਨੰਦ ਕਾਰਜਾਂ ਦੀ ਸਿਫਤ।

ਮੇਰੇ ਵਰਗੇ ਬੰਦੇ ਦੀ ਵੀ ਘਟੋ ਘਟ ਇਕ ਹਜ਼ਾਰ ਰੁਪਿਆ ਤਾਂ ਕਰਾਇਆਂ ਦੀ ਬਚਤ ਹੋਈ ਹੈ। ਜੇ ਘਰ ਵਿਆਹ ਹੁੰਦੇ ਤਾਂ ਘਟੋ ਘਟ ੧੦—੧੨ ਵਿਆਹਾਂ ਤੇ ਜਾਣ ਵਾਸਤੇ ਦੋਨਾਂ ਦਾ ਕਿਰਾਇਆ ਲਾਜ਼ਮੀ ਹੈ

ਪਰ ਹੁਣ ਮੇਲਾ ਵੇਖਣ ਗਿਆਂ ਹੀ ਸਭ ਦੀਆਂ ਖੁਸ਼ੀਆਂ ਪ੍ਰਾਪਤ ਹੁਣ।

ਗੁਰਬਾਣੀ ਵਿਚ ਲਿਖਿਆ ਹੈ ਕਿ ਸਤਿਗੁਰ ਮੁਕਤੀ ਦਾਤਾ ਹੈ। ਕਬੀਰ ਜੀ ਦਾ ਕਥਨ ਹੈ

ਕਬੀਰ ਐਸਾ ਸਤਿਗੁਰੁ ਜੇ ਮਿਲੈ ਤੁਠਾ ਕਰੇ ਪਸਾਉ।

ਮੁਕਤਿ ਦੁਆਰਾ ਮੋਕਲਾ ਸਹਜੇ ਆਵਉ ਜਾਉ।

ਅਤੇ ਇਸ ਮੁਕਤੀ ਵਿਚ ਆਰਥਕ ਤੇ ਸਮਾਜਕ ਮੁਕਤੀ ਵੀ ਤਾਂ ਸ਼ਾਮਲ ਹੈ।

## ਪ੍ਰਤੀਕ੍ਰਿਆ……(ਸਫਾ ੩੯ ਦੀ ਬਾਕੀ)

ਰੂਹਾਨੀ ਲਿਖਤ ਤੇ ਮਜ਼ਮੂਨਾਂ ਦੀ ਚੋਣ ਸ਼ਲਾਘਾ ਯੋਗ ਹੈ। ਰੂਹਾਨੀ ਲਿਖਤ ਵਿਚੋਂ ਰੱਬ ਭਗਤੀ ਦਾ ਅਕਸ ਪਰਤੱਖ ਨਜ਼ਰ ਆਉਂਦਾ।

ਅੱਲ੍ਹਾ ਕਰੇ ਜ਼ੋਰੇ ਕਲਮ ਔਰ ਜ਼ਿਆਦਾ !

ਹਜ਼ਾਰਾ ਸਿੰਘ ਮੁਸ਼ਤਾਕ

ਜਲੰਧਰ।

—0—

ਦਰਅਸਲ ਤਕਲੀਫਾਂ ਦਾ ਸਮਾਂ ਕਿਸੇ ਸੰਸਥਾ, ਇਲਾਕੇ ਅਤੇ ਧਰਮ ਆਦਿ ਵਾਸਤੇ ਸ਼ਾਨਦਾਰ ਇ… ਉਲੀਕਦਾ ਹੈ। ਬੀਤੇ ਦੀਆਂ ਪੈੜਾਂ ਮੈਂ ਸਭ ਤੋਂ … ਪੜ੍ਹਦਾ ਹਾਂ ਪਰ ਹੜ੍ਹਾਂ ਵਾਲੀ ਪਿਛਲੀ ਕਿਸਤ ਸ… ਦਿਲਚਪ ਲੱਗੀ।

ਵਰਿਮੀ ਜੀ ਬਾਰੇ ਪਿਛਲਾ ਅੰਕ ਬੜਾ ਜਚਿਆ … ਵਾਰ ਮੁੜ ਵਿਚ ਤੁਹਾਡਾ ਸੁਝਾਅ ਵੀ ਕੀਮਤੀ ਹੈ। ਮਨ… ਵਿਚਾਰ ਉਗਮਦਾ ਹੈ ਕਿ ਆਪਣੇ ਵੱਡੇ ਤੇ ਸ… ਸਾਹਿਤਕਾਰ 'ਚਕ੍ਰਵਰਤੀ ਜੀ, ਬਾਰੇ ਵੀ ਕੋਈ ਸਾ… ਸਮੇਲਨ ਹੋਣਾ ਜ਼ਰੂਰੀ ਹੈ।

ਭਗਤ ਸਿੰ…

ਚੰਡੀਗ…

—0—

ਵਰਿਆਮ ਦੀ ਆਮਦ, ਪੰਜਾਬ ਨਾਲ ਪੰਜਾਬੀ… ਜੋੜਦੀ ਹੈ। ਵਰਿਆਮ ਦਾ ਰੰਗ ਨਰਾਲਾ ਹੈ। ਕ… ਸਹਿਤ ਸਿਦਕ ਭਰੋਸੇ ਦਾ ਸੰਗਮ ਤੁਸੀਂ ਜਾਰੀ … ਇਤਿਹਾਸ ਦੀਆਂ ਝਾਕੀਆਂ ਹਲੂਣਦੀਆਂ ਹਨ।' … ਜੀ ਦੀ ਬਰਸੀ ਦੇ ਜ਼ਿਕਰ ਵਿਚ ਉਨ੍ਹਾਂ ਦੀ ਰਚਨਾਂ … ਵਿਚਾਰ ਚਰਚਾ, ਪਾਠਕਾਂ ਗੋਚਰੇ ਹੁੰਦੀ ਤਾਂ ਹੋਰ ਲਾ… ਸੀ। ਹੋਰ ਵਧੇਰੇ ਸਮਗਰੀ ਦੀ ਲੋੜ, ਇਕ ਪਾਠ… ਸੁਭਾਵਕ ਲੋੜ ਹੈ। ਜਿਵੇਂ ਤੁਸੀਂ ਏਕਤਾਂ ਨੂੰ … ਵਖਾਉਂਦੇ ਆ ਰਹੇ ਹੋ (ਭਾਵੇਂ ਐਨਕਾਂ ਵਿਚ … ਬੱਲੇ ਬੱਲੇ। ਲੇਖਕ ਸੱਭਾਂ ਦੀ ਸਾਂਝੀ ਮੈਂਬਰੀ ਤਾ ਕਾਗਜ… ਗਈ। ਉਸ ਬਾਰੇ ਭੀ ਲਿਖਣ ਦੀ ਖੇਚਲ ਕਰਨੀ ਮੈਂ … ਕਰ ਰਿਹਾ ਹਾਂ ਸ਼ੀਘਰ ਹੀ ਪੰਜਾਬ ਆ ਜਾਵਾਂ।

ਕੁਲਦੀਪ ਸਿੰਘ…

ਰਾਮ ਗੜ੍ਹ ਕੈਂਟ (…

—0—

## ਸਤਿਗੁਰੂ ਪ੍ਰਤਾਪ ਸਿੰਘ ਸਿਮ੍ਰਤੀ ਸੰਗੀਤ ਸੰਮੇਲ…

ਪਤਾ ਲਗਾ ਹੈ ਕਿ ਇਸ ਵਾਰ ਇਹ ਸਾਲਾ… ਸੰਗੀਤ ਸੰਮੇਲਨ ਸ: ਹਰਭਜਨ ਸਿੰਘ ਠੇਕੇਦਾਰ … ਦੀ ਬੇਨਤੀ ਤੇ ਔਰੰਗਾਬਾਦ (ਮਹਾਂਰਾਸ਼ਟਰ) ਵਿ… ੧੬-੧੮ ਅਤੇ ੧੯-੨੦-੨੧ ਦਸੰਬਰ ਨੂੰ … ਰਿਹਾ ਹੈ।


Sri Satguru Jagjit Singh Ji Elibrary NamdhariElibrary@gmail.com

੧ਓ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ।


# ASOKA BISCUIT




ਭਰਪੂਰ ਤੰਦਰੁਸਤੀ ਅਤੇ ਵਧੀਆ ਸਵਾਦ ਲਈ ਵਰਤੋ

Phones [illegible]
[illegible]

***Sri Hari Partap Trading Centre***

**6/85 W. E. A. KAROL BAGH**

**NEW DELHI-110005**




Sri Satguru Jagjit Singh Ji Elibrary NamdhariElibrary@gmail.com

Registered NW/JL—97 MONTHLY WARIAM October 1
Registered with the registrar of News Papers for India No. 26453/75

WITH BEST COMPLIMENTS FROM :

H. O. Phone : 5151

# Harbhajan Sarbjeet & Associates

**CIVIL ENGINEERING CONTRACTORS**

**H. O. 562/6 Ramgarh Colony,**

**Kanpur Road, LUCKNOW—5 (U. P.)**

**Branches :**

Bunglow No. 2
S. B. H. Officers Colony
Opp. Govt. Milk Scheme
AURANGABAD (M.S.)

Phone : 3587
S. E. G. L. Project
Central Railway
P. O. Karjat
Distt. Colaba (M.S.)

Upper Penganga Project
P. O. Waranga
TQ. Kalamnuri
Distt. Parbhani (M.S.)

Thermal Power Project
Sakatpura
KOTA-8 (Rajasthan)
Phone : 3364

**Works in Hand**

Construction of Paithan Right bank Canal
Jayakwadi Project
AURANGABAD (M S.)
Costing Rs. 3.20 Crores

Construction of Central Railways Project
in between Karjat & Lonavala (Bombay)
Costing Rs. 1.13 Crores

Construction of Waranga Tunnel
2 5 km long on Upper Penganga Project
NANDED (M.S.)
Costing Rs. 2.33 Crores.

Excavation of Road Cutting for
Thermal Power Station, Kota
Costing Rs 1 67 Crores.

ਐਡੀਟਰ, ਪ੍ਰਿੰਟਰ, ਪਬਲਿਸ਼ਰ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਛਪਵਾ ਕੇ

Sri Satguru Jagjit Singh Ji Elibrary NamdhariElibrary@gmail.com